# ਅਧਿਆਇ 21

# ਅੱਗੇ ਦਾ ਸਫ਼ਰ

ਹੋਰ ਪਰਬਤ ਤੋਂ, ਇਸਰਾਏਲੀਆਂ ਨੇ ਮੋਆਬ ਦੇ ਮਦਾਨ ਵੱਲ ਨੂੰ ਆਪਣਾ ਸਫ਼ਰ ਆਰੰਭ ਕੀਤਾ। ਉਨ੍ਹਾਂ ਨੇ ਤਿੰਨ ਸਫ਼ਲ ਫੌਜੀ ਮੁਹਿੰਮਾਂ ਨੂੰ ਪੂਰਾ ਕੀਤਾ ਸੀ ਜਿਨ੍ਹਾਂ ਦਾ ਇਸ ਅਧਿਆਇ ਵਿਚ ਵਿਸਤਾਰ ਨਾਲ ਵਰਣਨ ਕੀਤਾ ਗਿਆ ਹੈ। ਇਹ ਸ਼ਾਇਦ ਸਮੁੱਚੀ ਪੁਸਤਕ ਵਿਚ ਸਭ ਤੋਂ ਸ਼ਾਨਦਾਰ ਪਲ ਹਨ - ਪਰ ਇਹ ਅਧਿਆਇ ਇਕ ਹੋਰ ਮੌਕੇ ਬਾਰੇ ਵੀ ਦੱਸਦਾ ਹੈ ਜਿਸ ਵਿਚ ਪਰਜਾ ਬੁੜ ਬੁੜਾਈ ਸੀ ਅਤੇ ਉਨ੍ਹਾਂ ਨੂੰ ਇਸ ਦੀ ਸਜ਼ਾ ਦਿੱਤੀ ਗਈ ਸੀ। ਤਿੰਨ ਗੀਤ ਲਿਖਤ ਦੇ ਵਿਰਤਾਂਤ ਵਿਚ ਜਾਨ ਪਾਉਂਦੇ ਹਨ।

ਪਹਿਲੀ ਜਿੱਤ ਅਰਾਦ ਦੇ ਕਨਾਨੀ ਰਾਜਾ ਉੱਤੇ ਸੀ (21:1-3)। ਇਸ ਤੋਂ ਬਾਅਦ, ਲੋਕ ਪਾਣੀ ਅਤੇ ਚੰਗੇ ਭੋਜਨ ਦੀ ਘਾਟ ਬਾਰੇ ਬੁੜ ਬੁੜਾਏ ਸਨ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦੇਣ ਦੇ ਲਈ "ਅਗਨੀ ਸੱਪ" ਘੱਲੇ ਸਨ। ਜਦੋਂ ਉਨ੍ਹਾਂ ਨੇ ਆਪਣੇ ਪਾਪ ਨੂੰ ਮੰਨ ਲਿਆ, ਪਰਮੇਸ਼ੁਰ ਨੇ ਉਨ੍ਹਾਂ ਨੂੰ ਇਕ ਪਿੱਤਲ ਦਾ ਸੱਪ ਬਣਾ ਕੇ ਉਹ ਨੂੰ ਡੰਡੇ ਉੱਤੇ ਰੱਖਣ ਦੇ ਲਈ ਆਖਿਆ। ਜੋ ਕੋਈ ਵੀ ਉਸ ਸੱਪ ਦੇ ਵੱਲ ਤੱਕਦਾ ਸੀ ਚੰਗਾ ਹੋ ਜਾਂਦਾ ਸੀ (21:4-9)। ਜਦੋਂ ਇਸਰਾਏਲੀਆਂ ਨੇ ਅੱਗੇ ਵਧਣਾ ਜਾਰੀ ਰੱਖਿਆ, ਉਹ ਕਨਾਨ ਵੱਲ ਨੂੰ ਜਾਂਦਿਆਂ ਰਸਤੇ ਵਿਚ ਕਈ ਥਾਵਾਂ ਦੇ ਵਿੱਚੋਂ ਦੀ ਲੰਘੇ (21:10-20)। ਜਦੋਂ ਅਮੋਰੀਆਂ ਦੇ ਰਾਜੇ ਸੀਹੋਨ ਨੇ ਇਸਰਾਏਲੀਆਂ ਨੂੰ ਸੁਰੱਖਿਅਤ ਰਸਤੇ ਦੇ ਵਿੱਚੋਂ ਦੀ ਲੰਘਣ ਤੋਂ ਮਨ੍ਹਾ ਕਰ ਦਿੱਤਾ ਅਤੇ ਉਨ੍ਹਾਂ ਤੇ ਹਮਲਾ ਕੀਤਾ, ਪਰਮੇਸ਼ੁਰ ਦੀ ਪਰਜਾ ਨੇ ਵੱਡੀ ਜਿੱਤ ਹਾਸਲ ਕੀਤੀ (21:21-32)। ਇਸ ਅਧਿਆਇ ਦੇ ਆਖ਼ਰੀ ਹਿੱਸੇ ਵਿਚ, ਇਸਰਾਏਲੀਆਂ ਨੇ ਬਾਸ਼ਾਨ ਦੇ ਰਾਜਾ ਓਗ ਨੂੰ ਹਰਾਇਆ (21:33-35)।

## ਅਰਾਦ ਦੇ ਰਾਜਾ ਦਾ ਸਾਹਮਣਾ ਕਰਨਾ (21:1-3)

**1ਅਰਾਦ ਦੇ ਕਨਾਨੀ ਰਾਜਾ ਨੇ ਜਿਹੜਾ ਦੱਖਣ ਵੱਲ ਰਹਿੰਦਾ ਸੀ ਸੁਣਿਆ ਕਿ ਇਸਰਾਏਲ ਅਥਾਰੀਮ ਦੇ ਰਾਹ ਥਾਣੀ ਆ ਰਿਹਾ ਹੈ ਤਾਂ ਉਹ ਇਸਰਾਏਲ ਨਾਲ ਲੜਾਈ ਛੇੜ ਬੈਠਾ ਅਤੇ ਉਨ੍ਹਾਂ ਵਿੱਚੋਂ ਕੁਝ ਬੰਧੂਏ ਬਣਾ ਲਏ। 2ਤਾਂ ਇਸਰਾਏਲ ਨੇ ਯਹੋਵਾਹ ਅੱਗੇ ਸੁੱਖਣਾ ਸੁੱਖੀ ਅਤੇ ਆਖਿਆ, ਜੇ ਤੂੰ ਇਨ੍ਹਾਂ ਲੋਕਾਂ ਨੂੰ ਸੱਚ ਮੁੱਚ ਮੇਰੇ ਹੱਥ ਵਿੱਚ ਦੇ ਦੇਵੇਂ ਤਾਂ ਮੈਂ ਉਨ੍ਹਾਂ ਦੇ ਸ਼ਹਿਰਾਂ ਦਾ ਸੱਤਿਆਨਾਸ ਕਰ ਦਿਆਂਗਾ। 3ਤਾਂ ਯਹੋਵਾਹ ਨੇ ਇਸਰਾਏਲ ਦੀ ਬੇਨਤੀ ਸੁਣੀ ਅਰ ਕਨਾਨੀਆਂ ਨੂੰ ਉਸ ਦੇ ਹਵਾਲੇ ਕਰ ਦਿੱਤਾ ਤਾਂ ਉਨ੍ਹਾਂ ਨੇ ਓਹਨਾਂ ਦਾ ਅਤੇ ਓਹਨਾਂ ਦੇ ਸ਼ਹਿਰਾਂ ਦਾ ਸੱਤਿਆਨਾਸ ਕਰ ਦਿੱਤਾ ਅਤੇ ਉਸ ਥਾਂ ਦਾ ਨਾਉਂ ਹਾਰਮਾਹ ਪੈ ਗਿਆ।**

**ਆਇਤ 1.** ਜਦੋਂ ਇਸਰਾਏਲੀ ਹਾਲੇ ਹੋਰ ਪਰਬਤ ਉੱਤੇ ਸਨ (21:4), **ਅਰਾਦ ਦੇ ਕਨਾਨੀ ਰਾਜਾ ਨੇ ਜਿਹੜਾ ਦੱਖਣ ਵੱਲ ਰਹਿੰਦਾ ਸੀ**, **ਇਸਰਾਏਲ** ਉੱਤੇ ਹਮਲਾ ਕੀਤਾ ਅਤੇ **ਉਨ੍ਹਾਂ ਵਿੱਚੋਂ ਕੁਝ ਬੰਧੂਏ ਬਣਾ ਲਏ**। "ਨੇਗੇਵ," ਜਾਂ "ਨੇਗੇਬ" ਦਾ ਅਰਥ "ਦੱਖਣ" ਜਾਂ "ਦੱਖਣੀ ਦੇਸ" ਹੈ ਅਤੇ ਇਹ ਫਲਿਸਤੀਨ ਦੇ ਦੱਖਣ ਵਿਚ ਉਜਾੜ ਦੇ ਇਲਾਕੇ ਦਾ ਹਵਾਲਾ ਦਿੰਦਾ ਹੈ। "ਅਰਾਦ" ਉਹ ਸ਼ਹਿਰ ਸੀ

ਜਿਹੜਾ ਪੂਰਬੀ ਦੱਖਣ ਵਿਚ, ਮ੍ਰਿਤ ਦੇ ਸਾਗਰ ਦੇ ਦੱਖਣੀ ਕੰਢੇ ਦੇ ਪੱਛਮ ਵੱਲ ਲਗਭਗ ਪੰਦਰਾਂ ਮੀਲਾਂ ਤੇ ਸਥਿਤ ਸੀ।

ਅਰਾਦ ਦੇ ਰਾਜਾ ਨੇ **ਸੁਣਿਆ ਕਿ ਇਸਰਾਏਲ ਅਥਾਰੀਮ ਦੇ ਰਾਹ ਥਾਣੀ ਆ ਰਿਹਾ ਹੈ**। KJV ਬਾਈਬਲ ਵਿਚ ਲਿਖਿਆ ਕਿ "ਖੋਜ ਕੱਢਣ ਵਾਲਿਆਂ ਦੇ ਰਾਹ ਥਾਣੀ," ਜੋ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ "ਅਥਾਰੀਮ" ਲਈ ਜਿਹੜਾ ਇਬਰਾਨੀ ਸ਼ਬਦ (הָאֲתָרִים, *ਹਾ'ਅਥਾਰੀਮ)* ਵਰਤਿਆ ਗਿਆ ਹੈ ਉਸ ਦਾ ਅਰਥ "ਖੋਜ ਕੱਢਣ ਵਾਲੇ" (הַתָּרִים, *ਹਥਥਾਰੀਮ)* ਸਮਝਿਆ ਜਾਣਾ ਚਾਹੀਦਾ ਹੈ। ਇਸ ਮਾਮਲੇ ਵਿਚ, ਇਹ ਨਾਂ ਮੁੜ ਉਸ ਰਾਹ ਵੱਲ ਇਸ਼ਾਰਾ ਕਰਦਾ ਹੈ ਜੋ ਬਾਰਾਂ ਖੋਜ ਕੱਢਣ ਵਾਲਿਆਂ ਦੁਆਰਾ ਅਪਨਾਇਆ ਗਿਆ ਸੀ ਜਿਨ੍ਹਾਂ ਨੇ ਦੇਸ ਦੀ ਖੋਜ ਕੱਢੀ ਸੀ (13:21, 22)। ਪਰ, ਅੱਜਕੱਲ੍ਹ ਦੇ ਜ਼ਿਆਦਾਤਰ ਅਨੁਵਾਦ "ਅਥਾਰੀਮ" ਨੂੰ ਇਕ ਥਾਂ ਦਾ ਨਾਮ ਸਮਝਦੇ ਹਨ।[1]

**ਆਇਤ 2.** ਇਸਰਾਏਲੀਆਂ ਨੇ ਸੁੱਖਣਾ ਸੁੱਖੀ ਸੀ ਕਿ ਜੇਕਰ ਪਰਮੇਸ਼ੁਰ ਉਨ੍ਹਾਂ ਨੂੰ ਇਨ੍ਹਾਂ ਵੈਰੀਆਂ ਉੱਤੇ ਜਿੱਤ ਦੇਵੇਗਾ, ਉਹ **ਉਨ੍ਹਾਂ ਦੇ ਸ਼ਹਿਰਾਂ ਦਾ ਸੱਤਿਆਨਾਸ** ਕਰ ਦੇਣਗੇ। ਉਨ੍ਹਾਂ ਦੀ ਸੁੱਖਣਾ ਵਿਚ "ਕਨਾਨੀਆਂ ਦੇ ਸ਼ਹਿਰਾਂ ਉੱਤੇ ਇਕ ਕਿਸਮ ਦਾ ਤਿਰਸਕਾਰ। ... ਉਨ੍ਹਾਂ ਨੂੰ ਸੰਪੂਰਨ ਨਾਸ ਦੇ ਲਈ ਨਿਯੁਕਤ ਕਰਨਾ ਅਤੇ ਫਤਹਿ ਪਾਉਣ ਵਾਲਿਆਂ ਦੇ ਵਿਚਕਾਰ ਲੁੱਟ ਦਾ ਮਾਲ ਨਾ ਵੰਡਣ" ਦਾ ਐਲਾਨ ਕਰਨਾ ਸ਼ਾਮਲ ਸੀ।[2] "ਸੱਤਿਆਨਾਸ" ਦੇ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ חָרַם *(ਚਰਮ)* ਜਿਸ ਦਾ ਅਰਥ ਹੈ "ਨਾਸ ਦੇ ਲਈ ਅਰਪਣ ਕਰਨਾ।"

**ਆਇਤ 3.** ਪਰਮੇਸ਼ੁਰ ਨੇ ਉਨ੍ਹਾਂ ਦੀ ਬੇਨਤੀ ਨੂੰ **ਸੁਣਿਆ** ਅਤੇ **ਕਨਾਨੀਆਂ ਨੂੰ ਉਸ ਦੇ ਹਵਾਲੇ ਕਰ ਦਿੱਤਾ** ਜਿਸ ਦਾ ਨਤੀਜਾ ਇਹ ਹੋਇਆ ਕਿ ਇਸਰਾਏਲ ਨੇ **ਓਹਨਾਂ ਦਾ ਅਤੇ ਓਹਨਾਂ ਦੇ ਸ਼ਹਿਰਾਂ ਦਾ ਸੱਤਿਆਨਾਸ ਕਰ ਦਿੱਤਾ**। ਇਸ ਘਟਨਾ ਦੇ ਕਾਰਣ ਇਸ ਥਾਂ ਨੂੰ **ਹਾਰਮਾਹ** (חָרְמָה) ਕਿਹਾ ਗਿਆ, ਜਿਸ ਦਾ ਅਰਥ ਹੈ "ਨਾਸ ਦੇ ਲਈ ਅਰਪਣ ਕੀਤਾ ਹੋਇਆ।" ਇਸ ਜਿੱਤ ਦੇ ਨਾਲ, ਇਸਰਾਏਲ ਨੇ ਲਗਭਗ ਚਾਲੀ ਵਰਹੇ ਪਹਿਲਾਂ ਕਨਾਨੀਆਂ ਅਤੇ ਅਮਾਲੇਕੀਆਂ ਦੁਆਰਾ "ਹਾਰਮਾਹ" ਵਿਚ ਹੋਈ ਉਨ੍ਹਾਂ ਦੀ ਹਾਰ ਦਾ ਬਦਲਾ ਲਿਆ ਸੀ, ਜਦੋਂ ਲੋਕਾਂ ਨੇ ਪਰਮੇਸ਼ੁਰ ਦੀ ਬਰਕਤ ਤੋਂ ਬਿਨ੍ਹਾਂ ਦੇਸ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ (14:44, 45)।

ਇਸਰਾਏਲ ਨੇ ਕਿਉਂ ਕਨਾਨੀਆਂ ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਨਾਸ ਦੇ ਲਈ ਅਰਪਣ ਕੀਤਾ ਸੀ, ਜਦੋਂ ਕਿ ਪਹਿਲਾਂ ਉਨ੍ਹਾਂ ਨੇ ਅਦੋਮੀਆਂ ਨਾਲ ਲੜਨ ਤੋਂ ਇਨਕਾਰ ਕਰ ਦਿੱਤਾ ਸੀ? ਇਸ ਦੇ ਤਿੰਨ ਕਾਰਣ ਸੰਭਵ ਹਨ: (1) ਅਦੋਮੀ ਇਸਰਾਏਲੀਆਂ ਦੇ "ਭਰਾ" ਸਨ, ਕਿਉਂਕਿ ਦੋਵੇਂ ਕੌਮਾਂ ਇਸਹਾਕ ਤੋਂ ਆਈਆਂ ਸਨ, ਪਰ ਕਨਾਨੀ ਇਸਹਾਕ ਤੋਂ ਨਹੀਂ ਸੀ ਆਏ। (2) ਕਨਾਨੀਆਂ ਨੇ ਅਸਲ ਵਿਚ ਇਸਰਾਏਲ ਤੇ ਹਮਲਾ ਕੀਤਾ ਸੀ, ਜਦ ਕਿ ਅਦੋਮੀਆਂ ਨੇ ਸਿਰਫ ਹਮਲਾ ਕਰਨ ਦੀ ਧਮਕੀ ਦਿੱਤੀ ਸੀ। ਇਸਰਾਏਲੀ ਹਮਲਾਵਰ ਨਹੀਂ ਸਨ; ਇਕ ਭਾਵ ਵਿਚ, ਉਹ ਸਿਰਫ ਆਪਣੇ ਆਪ ਦਾ ਬਚਾਓ ਕਰ ਰਹੇ ਸਨ ਜਦੋਂ ਉਹ ਕਨਾਨੀਆਂ ਦੇ ਵਿਰੁੱਧ ਲੜੇ। (3) ਅਰਾਦ ਅਤੇ ਹਾਰਮਾਹ ਉਸ ਦੇਸ ਵਿਚ ਦੋ ਥਾਵਾਂ ਸਨ ਜਿਸ ਦਾ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਦੇਣ ਦਾ ਵਾਅਦਾ ਕੀਤਾ ਸੀ, ਜਦ ਕਿ ਅਦੋਮ ਉਸ ਇਲਾਕੇ ਦਾ ਹਿੱਸਾ ਨਹੀਂ ਸੀ।

## ਪਾਪ ਅਤੇ ਸੱਪ (21:4-9)

**[4]ਤਾਂ ਉਨ੍ਹਾਂ ਨੇ ਹੋਰ ਨਾਮੀ ਪਰਬਤ ਤੋਂ ਲਾਲ ਸਮੁੰਦਰ ਥਾਣੀ ਅਦੋਮ ਦੇਸ ਦੇ ਉਦਾਲਿਓਂ ਦੀ ਕੂਚ ਕੀਤਾ ਪਰ ਪਰਜਾ ਦੀ ਜਾਨ ਰਾਹ ਦੇ ਕਾਰਨ ਹੁੱਸ ਗਈ। [5]ਸੋ ਪਰਜਾ ਯਹੋਵਾਹ ਦੇ ਵਿਰੁੱਧ ਅਤੇ ਮੂਸਾ ਦੇ ਵਿਰੁੱਧ ਬੋਲੀ ਭਈ ਤੁਸੀਂ ਕਿਉਂ ਸਾਨੂੰ ਮਿਸਰ ਤੋਂ ਉਤਾਹਾਂ ਲੈ ਆਏ ਤਾਂ ਜੋ ਅਸੀਂ ਉਜਾੜ ਵਿੱਚ ਮਰੀਏ? ਐੱਥੇ ਨਾ ਰੋਟੀ ਹੈ, ਨਾ ਪਾਣੀ ਹੈ। ਸਾਡੀਆਂ ਜਾਨਾਂ ਏਸ ਨਿਕੰਮੀ ਰੋਟੀ ਤੋਂ**

**ਅੱਕ ਗਈਆਂ ਹਨ! [6]ਤਾਂ ਯਹੋਵਾਹ ਨੇ ਪਰਜਾ ਵਿੱਚ ਅਗਨੀ ਸੱਪ ਘੱਲੇ ਅਤੇ ਉਨ੍ਹਾਂ ਨੇ ਲੋਕਾਂ ਨੂੰ
ਡਸਿਆ ਤਾਂ ਇਸਰਾਏਲੀਆਂ ਵਿੱਚੋਂ ਬਹੁਤ ਲੋਕ ਮਰ ਗਏ। [7]ਫੇਰ ਪਰਜਾ ਨੇ ਮੂਸਾ ਕੋਲ ਆਣ ਕੇ
ਆਖਿਆ, ਅਸਾਂ ਪਾਪ ਕੀਤਾ ਜੋ ਅਸੀਂ ਤੇਰੇ ਵਿਰੁੱਧ ਅਤੇ ਯਹੋਵਾਹ ਦੇ ਵਿਰੁੱਧ ਬੋਲੇ। ਹੁਣ ਯਹੋਵਾਹ
ਅੱਗੇ ਬੇਨਤੀ ਕਰ ਕਿ ਉਹ ਸਾਥੋਂ ਏਹ ਸੱਪ ਮੋੜ ਲਵੇ। ਸੋ ਮੂਸਾ ਨੇ ਪਰਜਾ ਲਈ ਬੇਨਤੀ ਕੀਤੀ।
[8]ਯਹੋਵਾਹ ਨੇ ਮੂਸਾ ਨੂੰ ਆਖਿਆ, ਆਪਣੇ ਲਈ ਇੱਕ ਅਗਨੀ ਸੱਪ ਬਣਾ ਕੇ ਉਹ ਨੂੰ ਇੱਕ ਡੰਡੇ ਉੱਤੇ
ਰੱਖ ਦੇਹ ਤਾਂ ਐਉਂ ਹੋਵੇਗਾ ਕਿ ਜਿਹੜਾ ਡਸਿਆ ਜਾਵੇ ਉਹ ਨੂੰ ਵੇਖ ਕੇ ਜੀਉਂਦਾ ਰਹੇਗਾ। [9]ਉਪਰੰਤ
ਮੂਸਾ ਨੇ ਇੱਕ ਪਿੱਤਲ ਦਾ ਸੱਪ ਬਣਾ ਕੇ ਉਹ ਨੂੰ ਡੰਡੇ ਉੱਤੇ ਰੱਖਿਆ ਤਾਂ ਐਉਂ ਹੋਇਆ ਕਿ ਜਦ
ਸੱਪ ਕਿਸੇ ਮਨੁੱਖ ਨੂੰ ਡਸਦਾ ਸੀ ਤਾਂ ਉਹ ਪਿੱਤਲ ਦੇ ਸੱਪ ਵੱਲ ਨਿਗਾਹ ਕਰ ਕੇ ਜੀਉਂਦਾ ਰਹਿੰਦਾ
ਸੀ।**

**ਆਇਤ 4.** ਇਸਰਾਏਲ ਦੇ ਸਫ਼ਰ ਦੇ ਅਗਲੇ ਪੜਾਅ ਦਾ ਐਲਾਨ ਇਸ ਆਇਤ ਵਿਚ ਕੀਤਾ ਗਿਆ ਹੈ। ਕਿਉਂਕਿ ਉਨ੍ਹਾਂ ਨੂੰ ਅਦੋਮ ਥਾਣੀ ਲੰਘਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ, ਕਨਾਨ ਦੇ ਉੱਤਰ ਜਾਂ ਉੱਤਰ-ਪੂਰਬ ਵੱਲ ਜਾਣ ਦੀ ਬਜਾਇ, ਭਟਕਣ ਵਾਲੇ **ਲਾਲ ਸਮੁੰਦਰ** ਦੇ ਦੱਖਣ ਵੱਲ ਜਾਂ **ਅਦੋਮ ਦੇਸ ਦੇ ਉਦਾਲਿਓਂ ਦੀ** ਗਏ। ਅਰਥਾਤ, ਉਨ੍ਹਾਂ ਨੇ ਅਕਾਬਾਹ ਦੀ ਖੱਡ, ਜਾਂ ਅਕਾਬਾਹ, ਲਾਲ ਸਮੁੰਦਰ ਦੀ ਪੂਰਬੀ ਸ਼ਾਖਾ ਵੱਲ ਨੂੰ ਕੂਚ ਕੀਤਾ। (ਸਿਊਜ਼ ਦੀ ਖੱਡ ਪੱਛਮੀ ਸ਼ਾਖਾ ਹੈ।) ਇਸ ਰਸਤੇ ਤੇ ਚੱਲਦੇ-ਚੱਲਦੇ, ਉਨ੍ਹਾਂ ਨੇ ਦੱਖਣ ਦੀ ਬਜਾਇ ਪੂਰਬ ਵੱਲੋਂ ਕਨਾਨ ਵਿਚ ਦਾਖਲ ਹੋਣਾ ਸੀ, ਜਿਵੇਂ ਸ਼ਾਇਦ ਉਨ੍ਹਾਂ ਨੇ ਖੋਜ ਕੱਢਣ ਵਾਲਿਆਂ ਦੀ ਬੁਰੀ ਖ਼ਬਰ ਸੁਣਨ ਤੋਂ ਪਹਿਲਾਂ ਕਰਨ ਦੀ ਯੋਜਨਾ ਬਣਾਈ ਸੀ (ਅਧਿਆਇ 13; 14)। ਸ਼ਾਇਦ ਇਹ ਚੱਕਰਦਾਰ ਰਾਹ ਅਪਨਾਉਣ ਵਿਚ ਸ਼ਾਮਲ ਦੇਰੀ ਦੇ ਕਾਰਣ, **ਪਰਜਾ ਦੀ ਜਾਨ ਹੁੱਸ ਗਈ**।

**ਆਇਤ 5.** ਇਸਰਾਏਲੀ **ਯਹੋਵਾਹ ਦੇ ਵਿਰੁੱਧ ਅਤੇ ਮੂਸਾ ਦੇ ਵਿਰੁੱਧ ਬੋਲੇ** ਅਤੇ ਫੇਰ ਉਨ੍ਹਾਂ ਦੇ ਅਕਾ ਦੇਣ ਵਾਲੇ ਭੋਜਨ ਅਤੇ ਪਾਣੀ ਦੀ ਘਾਟ ਬਾਰੇ ਬੁੜ ਬੁੜਾਏ। ਉਨ੍ਹਾਂ ਨੇ ਸਥਿਤੀ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਅਤੇ ਆਪਣੇ ਆਪ ਦਾ ਖੰਡਨ ਕੀਤਾ, ਇਹ ਕਹਿੰਦੇ ਹੋਏ ਕਿ **ਤੁਸੀਂ ਕਿਉਂ ਸਾਨੂੰ ਮਿਸਰ ਤੋਂ ਉਤਾਹਾਂ ਲੈ ਆਏ ਤਾਂ ਜੋ ਅਸੀਂ ਉਜਾੜ ਵਿੱਚ ਮਰੀਏ? ਐੱਥੇ ਨਾ ਰੋਟੀ ਹੈ, ਨਾ ਪਾਣੀ ਹੈ। ਸਾਡੀਆਂ ਜਾਨਾਂ ਏਸ ਨਿਕੰਮੀ ਰੋਟੀ ਤੋਂ ਅੱਕ ਗਈਆਂ ਹਨ!**

**ਆਇਤ 6.** ਪਰਮੇਸ਼ੁਰ ਨੇ ਇਸ ਮੌਕੇ ਤੇ ਉਨ੍ਹਾਂ ਦੇ ਬੁੜ ਬੁੜਾਉਣ ਦੇ ਪ੍ਰਤੀ ਉਸ ਨਾਲੋਂ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਜਿਵੇਂ ਉਸ ਨੇ ਕਾਦੇਸ਼ ਵਿਚ ਕੀਤੀ ਸੀ (ਅਧਿਆਇ 20)। ਉਸ ਥਾਂ ਤੇ, ਪਰਮੇਸ਼ੁਰ ਨੇ ਉਨ੍ਹਾਂ ਨੂੰ ਸਿਰਫ ਉਹ ਪਾਣੀ ਦਿੱਤਾ ਸੀ ਜਿਸ ਦੀ ਉਨ੍ਹਾਂ ਨੇ ਇੱਛਾ ਕੀਤੀ ਸੀ; ਪਰ ਇਸ ਥਾਂ ਤੇ, ਪਰਮੇਸ਼ੁਰ ਨੇ **ਪਰਜਾ ਵਿੱਚ ਅਗਨੀ ਸੱਪ ਘੱਲੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਡਸਿਆ ਤਾਂ ਇਸਰਾਏਲੀਆਂ ਵਿੱਚੋਂ ਬਹੁਤ ਲੋਕ ਮਰ ਗਏ**। ਉਨ੍ਹਾਂ ਨੂੰ ਉਨ੍ਹਾਂ ਦੇ ਲਾਲ ਰੰਗ ਦੇ ਕਾਰਣ "ਅਗਨੀ ਸੱਪ" ਕਿਹਾ ਗਿਆ ਹੋਵੇਗਾ। ਹੋ ਸਕਦਾ ਹੈ ਉਨ੍ਹਾਂ ਨੂੰ ਇਸ ਲਈ "ਅਗਨੀ ਸੱਪ" ਕਿਹਾ ਗਿਆ ਸੀ ਕਿਉਂਕਿ ਉਨ੍ਹਾਂ ਦੇ ਡੰਗ ਅੱਗ ਵਰਗੇ ਸਨ/ਜਾਂ ਉਨ੍ਹਾਂ ਦੇ ਡੰਗ ਨੇ ਅਜਿਹਾ ਜਖਮ ਕਰ ਦਿੱਤਾ ਸੀ ਜੋ ਅੱਗ ਵਰਗਾ ਲਾਲ ਸੀ। ਰੌਏ ਗੇਨ ਨੇ ਸੱਪਾਂ ਨੂੰ ਇਸ ਭਾਵ ਵਿਚ "ਅਗਨੀ" ਵੇਖਿਆ ਕਿ ਉਨ੍ਹਾਂ ਦਾ ਜ਼ਹਿਰ ਅੱਗ ਵਰਗਾ ਜਾਪਦਾ ਸੀ ਅਤੇ ਦੱਸਿਆ ਕਿ ਪਰਮੇਸ਼ੁਰ ਨੇ ਹੋਰ ਕਈ ਮੌਕਿਆਂ ਤੇ ਲੋਕਾਂ ਨੂੰ ਸਜ਼ਾ ਦੇਣ ਦੇ ਲਈ ਅੱਗ ਦਾ ਇਸਤੇਮਾਲ ਕੀਤਾ ਸੀ।[3] NIV ਅਤੇ REB ਬਾਈਬਲ ਇਸ ਵਾਕ ਦਾ ਅਨੁਵਾਦ "ਜ਼ਹਿਰੀਲੇ ਸੱਪਾਂ" ਦੇ ਰੂਪ ਵਿਚ ਕਰਦੀ ਹੈ। ਦੂਜੇ ਅਨੁਵਾਦਾਂ ਵਿਚ "ਜ਼ਹਿਰੀਲੇ ਸੱਪ" (NRSV) ਜਾਂ "ਜ਼ਹਿਰੀਲੇ ਸੱਪ" (CEV) ਹੈ। NAB ਬਾਈਬਲ "ਅਗਨੀ" ਲਈ ਜਿਹੜਾ ਯੂਨਾਨੀ ਸ਼ਬਦ (שָׂרָף, *ਸਰਪ)* ਵਰਤਿਆ ਹੈ ਉਸ ਨੂੰ ਬਿਨ੍ਹਾਂ ਅਨੁਵਾਦ ਕੀਤੇ ਹੀ ਛੱਡ ਦਿੰਦੀ ਹੈ, ਇਹ ਕਹਿੰਦੇ ਹੋਏ ਕਿ "ਯਹੋਵਾਹ ਨੇ ਪਰਜਾ ਵਿੱਚ ਸਰਫ ਸੱਪ ਘੱਲੇ।"

ਪਰਮੇਸ਼ੁਰ ਨੇ ਇਸ ਵਾਰ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਕਿਉਂ ਕੀਤੀ ਸੀ? ਯਹੋਵਾਹ "ਕਰੋਧ ਵਿੱਚ ਧੀਰਜੀ" ਹੈ (ਕੂਚ 34:6), ਪਰ ਇਕ ਨਾ ਇਕ ਦਿਨ ਉਸ ਦਾ ਧੀਰਜ ਖਤਮ ਹੋ ਜਾਂਦਾ ਹੈ। ਆਖ਼ਰਕਾਰ, ਨਿਰੰਤਰ ਅਪਰਾਧ ਨੂੰ ਮਾਫ਼ ਕਰਨ ਦੀ ਬਜਾਇ, ਉਸ ਨੂੰ ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ (ਕੂਚ 34:7)। ਇਸਰਾਏਲ ਨੇ ਇਹ ਸਿੱਖ ਲਿਆ ਹੋਵੇਗਾ ਕਿ ਬੁੜ ਬੁੜਾਉਣਾ ਸਹੀ ਨਹੀਂ ਹੈ। ਕਿਉਂਕਿ ਉਹ ਨਹੀਂ ਸੀ ਸਿੱਖੇ, ਪਰਮੇਸ਼ੁਰ ਨੇ ਉਨ੍ਹਾਂ ਨੂੰ "ਪਾਪ ਦੀ ਮਜੂਰੀ" (ਰੋਮੀਆਂ 6:23) ਬਾਰੇ ਜਬਰਦਸਤ ਸਬਕ ਸਿਖਾਇਆ।

**ਆਇਤ 7.** ਉਨ੍ਹਾਂ ਦੇ ਪਾਪ ਦੇ ਭਿਆਣਕ ਨਤੀਜਿਆਂ ਨੂੰ ਭੁਗਤਣ ਦੁਆਰਾ ਪਰਮੇਸ਼ੁਰ ਦਾ ਸਬਕ ਸਿੱਖਣ ਤੋਂ ਬਾਅਦ, **ਪਰਜਾ ਨੇ ਮੂਸਾ ਕੋਲ ਆਣ ਕੇ ਆਖਿਆ, ਅਸਾਂ ਪਾਪ ਕੀਤਾ ਜੋ ਅਸੀਂ ਤੇਰੇ ਵਿਰੁੱਧ ਅਤੇ ਯਹੋਵਾਹ ਦੇ ਵਿਰੁੱਧ ਬੋਲੇ। ਹੁਣ ਯਹੋਵਾਹ ਅੱਗੇ ਬੇਨਤੀ ਕਰ ਕਿ ਉਹ ਸਾਥੋਂ ਏਹ ਸੱਪ ਮੋੜ ਲਵੇ।** ਜਦੋਂ ਦੇ ਉਹ ਮਿਸਰ ਦੇਸ ਵਿੱਚੋਂ ਨਿੱਕਲੇ ਸਨ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਪਾਪ ਕਰਨ ਤੋਂ ਬਾਅਦ, ਇਸਰਾਏਲ ਨੇ ਕੁਝ ਵੱਖਰਾ ਕੀਤਾ: ਉਨ੍ਹਾਂ ਨੇ ਆਪਣੇ ਪਾਪ ਨੂੰ ਮੰਨ ਲਿਆ! ਉਨ੍ਹਾਂ ਦੇ ਲਈ ਇਹ ਕਹਿਣਾ ਕਿ "ਅਸਾਂ ਪਾਪ ਕੀਤਾ" ਆਤਮਿਕ ਤਰੱਕੀ ਵੱਲ ਇਸ਼ਾਰਾ ਕਰਦਾ ਸੀ।

ਉਨ੍ਹਾਂ ਨੇ ਨਾ ਸਿਰਫ ਸਹੀ ਗੱਲ ਆਖੀ ਸੀ, ਪਰ ਉਨ੍ਹਾਂ ਨੇ ਸਹੀ ਵਿਅਕਤੀ ਨੂੰ ਵੀ ਸਹੀ ਗੱਲ ਆਖੀ ਸੀ: ਮੂਸਾ ਨੂੰ, ਪਰਮੇਸ਼ੁਰ ਦਾ ਨੁਮਾਇੰਦਾ ਅਤੇ ਉਨ੍ਹਾਂ ਦੇ ਨਿਰੰਤਰ ਬੁੜ ਬੁੜਾਉਣ ਦਾ ਨਿਸ਼ਾਨਾ। ਆਪਣੀ ਸੋਭਾ ਦੇ ਲਈ, ਮੂਸਾ ਨੇ ਉਸ ਤੇ ਉਨ੍ਹਾਂ ਦੇ ਨਿੱਜੀ ਹਮਲਿਆਂ ਦੇ ਲਈ ਉਨ੍ਹਾਂ ਦੇ ਵਿਰੁੱਧ ਮਨ ਵਿਚ ਕੋਈ ਗਿਲਾ ਸ਼ਿਕਵਾ ਨਹੀਂ ਰੱਖਿਆ, ਪਰ ਉਨ੍ਹਾਂ ਦੀ ਖ਼ਾਤਰ ਪਰਮੇਸ਼ੁਰ ਅੱਗੇ **ਬੇਨਤੀ ਕੀਤੀ** (ਵੇਖੋ 12:3, 13)।

**ਆਇਤ 8.** ਪਰਮੇਸ਼ੁਰ ਨੇ ਕਿਰਪਾਮਈ ਢੰਗ ਨਾਲ ਜਵਾਬ ਦਿੱਤਾ ਅਤੇ ਉਨ੍ਹਾਂ ਨੂੰ ਚੰਗਿਆਈ ਦਾ ਵਸੀਲਾ ਮੁਹੱਈਆ ਕਰਵਾਇਆ। ਪਰਮੇਸ਼ੁਰ ਨੇ ਮੂਸਾ ਨੂੰ **ਇੱਕ ਅਗਨੀ ਸੱਪ** ਬਣਾਉਣ ਅਤੇ **ਉਹ ਨੂੰ ਇੱਕ ਡੰਗੇ ਉੱਤੇ ਰੱਖਣ** ਦਾ ਹੁਕਮ ਦਿੱਤਾ ਸੀ। ਜਿਹੜੇ ਉਸ ਸੱਪ ਦੀ ਵੱਲ ਨਿਗਾਹ ਕਰਦੇ ਸਨ ਸੱਪ ਦੇ ਡੰਗਾਂ ਦੇ ਪ੍ਰਭਾਵਾਂ ਤੋਂ ਚੰਗੇ ਹੋ ਜਾਂਦੇ ਸਨ।

**ਆਇਤ 9. ਮੂਸਾ** ਨੇ **ਇੱਕ ਪਿੱਤਲ ਦਾ ਸੱਪ** ਬਣਾਉਣ ਅਤੇ ਉਹ ਨੂੰ ਇਕ ਡੰਡੇ ਉੱਤੇ ਰੱਖਣ ਦੁਆਰਾ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕੀਤਾ। "ਪਿੱਤਲ" (נְחֹשֶׁת, *ਨੀਚੋਸ਼ੇਥ)* ਅਤੇ "ਸੱਪ" (נָחָשׁ, *ਨਾਚਾਸ਼)* ਲਈ ਜਿਹੜੇ ਇਬਰਾਨੀ ਸ਼ਬਦ ਵਰਤੇ ਗਏ ਸਨ ਇੱਕੋ ਜਿਹੇ ਜਾਪਦੇ ਹਨ ਅਤੇ ਸ਼ਬਦਾਂ ਦੀ ਨੋਕ ਝੋਂਕ ਦਾ ਕਰਦੇ ਹਨ। "ਪਿੱਤਲ" ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਸ ਦਾ ਅਨੁਵਾਦ "ਤਾਂਬਾ" ਵੀ ਕੀਤਾ ਜਾ ਸਕਦਾ ਹੈ (NJPSV)।[4]

**ਪਿੱਤਲ ਦਾ ਸੱਪ** ਬਣਾਉਣ ਦੇ ਕੰਮ ਨੂੰ ਪੂਰਾ ਕਰਨ ਤੋਂ ਬਾਅਦ, ਜੋ ਕੋ ਉਨ੍ਹਾਂ ਜ਼ਹਿਰੀਲੇ ਸੱਪਾਂ ਵਿੱਚੋਂ ਕਿਸੇ ਇਕ ਦੁਆਰਾ ਡਸਿਆ ਜਾਂਦਾ ਸੀ ਅਤੇ ਇਸ ਪਿੱਤਲ ਦੇ ਸੱਪ ਵੱਲ **ਨਿਗਾਹ ਕਰਦਾ** ਸੀ **ਜੀਉਂਦਾ ਰਹਿੰਦਾ ਸੀ**। ਜਦ ਕਿ ਇਸ ਸੱਪ ਦੇ ਚਿੱਤਰ ਦੀ ਵਰਤੋਂ ਅੱਜਕੱਲ੍ਹ ਦੇ ਪਾਠਕਾਂ ਦੇ ਲਈ ਅਜੀਬ ਜਾਪਦੀ ਹੈ, ਇਹ ਉਸ ਸੰਸਾਰ ਦੇ ਲਈ ਅਜੀਬ ਨਹੀਂ ਰਿਹਾ ਹੋਵੇਗਾ ਜਿਸ ਦੇ ਵਿਚ ਇਸਰਾਏਲੀ ਰਹਿੰਦੇ ਸਨ। ਆਰ. ਡੈਨਿਸ ਕੋਲ ਨੇ ਆਖਿਆ ਹੈ ਕਿ ਇਹੋ ਜਿਹੀ ਰਸਮ ਵਿਚ, "ਰੋਗ ਦੇ ਸ੍ਰੋਤ ਦਾ ਸੰਕਲਪਤ ਰੂਪ" ਖੁਦ ਰੋਗ ਤੇ ਜਵਾਬੀ ਕਾਰਵਾਈ ਕਰਨ ਦੇ ਲਈ ਵਰਤਿਆ ਗਿਆ ਸੀ (ਵੇਖੋ 1 ਸਮੂਏਲ 5:6; 6:4, 5)।[5] ਇਹ ਵੀ ਦੇਖਿਆ ਜਾ ਚੁੱਕਾ ਹੈ ਕਿ ਮਿਸਰੀ ਲੋਕ ਸੱਪ ਦੇ ਡੰਗ ਨੂੰ ਰੋਕਣ ਦੇ ਲਈ ਸੱਪ ਵਾਲੇ ਤਵੀਤ ਪਹਿਨਦੇ ਸਨ।[6] ਪਰ, ਗੈਰ-ਯਹੂਦੀ ਰੀਤਾਂ ਅਤੇ ਇਸਰਾਏਲ ਨੇ ਇਸ ਮੌਕੇ ਤੇ ਜੋ ਕੀਤਾ ਸੀ ਉਸ ਵਿਚਕਾਰ ਇਕ ਮਹੱਤਵਪੂਰਣ ਫ਼ਰਕ ਦਰਸਾਇਆ ਜਾਣਾ ਚਾਹੀਦਾ ਹੈ: *ਪਰਮੇਸ਼ੁਰ ਨੇ* ਇਸਰਾਏਲੀਆਂ ਨੂੰ ਸੱਪ ਦੇ ਵੱਲ ਨਿਗਾਹ ਕਰਨ ਦਾ *ਹੁਕਮ*

*ਦਿੱਤਾ ਸੀ* ਅਤੇ ਇਹ *ਪਰਮੇਸ਼ੁਰ ਦੀ ਸ਼ਕਤੀ* ਦੁਆਰਾ ਹੀ ਸੀ ਕਿ ਉਹ ਚੰਗੇ ਹੋ ਗਏ ਸਨ।

ਪਿੱਤਲ ਦਾ ਸੱਪ ਇਸਰਾਏਲੀਆਂ ਦੁਆਰਾ ਕਈ ਸਦੀਆਂ ਤੀਕ ਰੱਖਿਆ ਗਿਆ ਸੀ, ਪਰ ਇਹ ਆਖ਼ਰਕਾਰ ਪੂਜਾ ਦੀ ਵਸਤੂ ਬਣ ਗਿਆ। ਇਸੇ ਕਰਕੇ, ਇਸ ਨੂੰ ਹਿਜ਼ਕੀਯਾਹ ਦੇ ਸਮੇਂ ਵਿਚ ਨਾਸ ਕਰ ਦਿੱਤਾ ਗਿਆ ਸੀ। ਇਸ ਦਾ ਨਾਉਂ "ਨਹੁਸ਼ਤਾਨ" (נְחֻשְׁתָּן) ਰੱਖਿਆ ਗਿਆ ਸੀ, ਜੋ ਕਿ "ਪਿੱਤਲ" ਅਤੇ "ਸੱਪ" ਦੇ ਲਈ ਵਰਤੇ ਗਏ ਇਬਰਾਨੀ ਸ਼ਬਦਾਂ ਦੇ ਸਮਾਨ ਹੈ (2 ਰਾਜਿਆਂ 18:4)।

## ਮੋਆਬ ਦੇ ਮਦਾਨ ਵੱਲ ਨੂੰ ਜਾਂਦਿਆਂ ਰਸਤੇ ਵਿਚ ਆਉਣ ਵਾਲੀਆਂ ਥਾਵਾਂ (21:10-20)

**[10]ਫੇਰ ਇਸਰਾਏਲ ਨੇ ਕੂਚ ਕਰ ਕੇ ਓਬੋਥ ਵਿੱਚ ਡੇਰੇ ਲਾਏ। [11]ਫੇਰ ਓਬੋਥ ਤੋਂ ਕੂਚ ਕਰ ਕੇ**
**ਈਯੇਅਬਾਰੀਮ ਦੀ ਉਸ ਉਜਾੜ ਵਿੱਚ ਜਿਹੜੀ ਮੋਆਬ ਦੇ ਸਾਹਮਣੇ ਚੜ੍ਹਦੇ ਪਾਸੇ ਹੈ ਡੇਰੇ ਲਾਏ।**
**[12]ਉੱਥੋਂ ਕੂਚ ਕਰ ਕੇ ਜ਼ਰਦ ਦੀ ਵਾਦੀ ਵਿੱਚ ਡੇਰੇ ਕੀਤੇ। [13]ਫੇਰ ਉੱਥੋਂ ਕੂਚ ਕਰ ਕੇ ਉਨ੍ਹਾਂ ਨੇ ਆਪਣੇ**
**ਡੇਰੇ ਅਰਨੋਨ ਨਦੀ ਦੇ ਪਾਰ ਲਾਏ ਜਿਹੜੀ ਉਜਾੜ ਵਿੱਚ ਦੀ ਅਮੋਰੀਆਂ ਦੀ ਸਰਹੱਦ ਤੋਂ ਨਿੱਕਲਦੀ**
**ਹੈ ਕਿਉਂ ਜੋ ਅਰਨੋਨ ਮੋਆਬ ਦੀ ਹੱਦ ਉੱਤੇ ਮੋਆਬ ਅਤੇ ਅਮੋਰੀਆਂ ਦੇ ਵਿਚਕਾਰ ਹੈ। [14]ਏਸ ਲਈ**
**ਯਹੋਵਾਹ ਦੇ ਜੰਗ ਨਾਮੇ ਵਿੱਚ ਲਿਖਿਆ ਹੈ, ਵਾਹੇਬ ਜਿਹੜਾ ਸੁਫ਼ਾਹ ਵਿੱਚ ਹੈ, ਅਤੇ ਅਰਨੋਨ ਦੀਆਂ**
**ਵਾਦੀਆਂ, [15]ਅਤੇ ਵਾਦੀਆਂ ਦੀ ਢਾਲ, ਜਿਹੜੀ ਆਰ ਦੀ ਵੱਸੋਂ ਤੀਕ ਫੈਲੀ ਹੋਈ ਹੈ, ਅਤੇ ਮੋਆਬ**
**ਦੀ ਸਰਹੱਦ ਨਾਲ ਲੱਗਦੀ ਹੈ। [16]ਉੱਥੋਂ ਓਹ ਬਏਰ ਨੂੰ ਗਏ ਜਿੱਥੇ ਉਹ ਖੂਹ ਹੈ ਜਿਹ ਦੇ ਵਿਖੇ**
**ਯਹੋਵਾਹ ਨੇ ਮੂਸਾ ਨੂੰ ਆਖਿਆ ਸੀ ਕਿ ਪਰਜਾ ਨੂੰ ਇਕੱਠਾ ਕਰ ਅਤੇ ਮੈਂ ਉਨ੍ਹਾਂ ਨੂੰ ਪਾਣੀ ਦਿਆਂਗਾ।**
**[17]ਤਦ ਇਸਰਾਏਲ ਦੇ ਏਹ ਗੀਤ ਗਾਇਆ, ਹੇ ਖੂਹ, ਉੱਬਲ ਆ! ਉਸ ਲਈ ਗਾਓ, [18]ਉਹ ਖੂਹ**
**ਜਿਹ ਨੂੰ ਸਰਦਾਰਾਂ ਨੇ ਪੁੱਟਿਆਂ, ਅਤੇ ਲੋਕਾਂ ਦੇ ਪਤਵੰਤਾਂ ਨੇ ਆਸਾ ਨਾਲ ਅਤੇ ਆਪਣੀਆਂ ਲਾਠੀਆਂ**
**ਨਾਲ ਕੱਢਿਆ! [19]ਓਹ ਫੇਰ ਉਜਾੜ ਤੋਂ ਮੱਤਾਨਾਹ ਨੂੰ ਗਏ ਅਤੇ ਮੱਤਾਨਾਹ ਤੋਂ ਨਹਲੀਏਲ ਨੂੰ ਅਤੇ**
**ਨਹਲੀਏਲ ਤੋਂ ਬਾਮੋਥ ਨੂੰ [20]ਅਤੇ ਬਾਮੋਥ ਤੋਂ ਉਸ ਢਾਬ ਨੂੰ ਜਿਹੜੀ ਮੋਆਬ ਦੇ ਮਦਾਨ ਵਿੱਚ ਹੈ,**
**ਫੇਰ ਪਿਸਗਾਹ ਦੀ ਟੀਸੀ ਨੂੰ ਜਿਹੜੀ ਥਲ ਉੱਤੇ ਪਲਮੀ ਹੋਈ ਹੈ।**

**ਆਇਤ 10.** ਮੂਸਾ ਨੇ ਉਨ੍ਹਾਂ ਥਾਵਾਂ ਦੀ ਸੂਚੀ ਦਿੱਤੀ ਜਿੱਥੇ ਇਸਰਾਏਲੀਆਂ ਨੇ ਮੋਆਬ ਨੂੰ ਜਾਂਦਿਆਂ ਉਨ੍ਹਾਂ ਦੇ ਸਫ਼ਰ ਵਿਚ ਡੇਰਾ ਲਾਇਆ ਸੀ। ਇਹ ਇਕ ਵਿਆਪਕ ਸੂਚੀ ਨਹੀਂ ਹੈ। ਸ਼ਾਇਦ ਲੇਖਕ ਦਾ ਨਿਸ਼ਾਨਾ ਪਾਠਕ ਨੂੰ ਤੇਜ਼ੀ ਨਾਲ ਯਰਦਨ ਦੇ ਪੂਰਬੀ ਪਾਸੇ ਵੱਲ ਲੈ ਕੇ ਜਾਣਾ ਸੀ।

ਆਇਤ 4 ਵਿਚ, ਇਸਰਾਏਲੀਆਂ ਨੇ "ਹੋਰ ਨਾਮੀ ਪਰਬਤ ਤੋਂ ਲਾਲ ਸਮੁੰਦਰ ਥਾਣੀ ਅਦੋਮ ਦੇਸ ਦੇ ਉਦਾਲਿਓਂ ਦੀ ਕੂਚ ਕੀਤਾ।" ਜਦ ਕਿ ਇਹ "ਰਾਹ" ਜਾਂ "ਸੜਕ" ਅਕਾਬਾਹ ਦੀ ਖੱਡ - ਵਿਸ਼ੇਸ਼ ਕਰਕੇ, ਏਲਥ ਅਤੇ ਅਸਯੋਨ-ਗਬਰ ਦੇ ਸ਼ਹਿਰਾਂ ਵੱਲ ਲੈ ਕੇ ਗਈ ਸੀ (ਬਿਵਸਥਾ ਸਾਰ 2:8) - ਇਹ ਅਨਿਸ਼ਚਤ ਹੈ ਕਿ ਪਰਜਾ ਨੇ ਪੂਰਬ ਵੱਲ ਨੂੰ ਮੁੜਨ ਤੋਂ ਪਹਿਲਾਂ ਦੱਖਣ ਵੱਲ ਨੂੰ ਕਿੰਨਾ ਸਫ਼ਰ ਕੀਤਾ ਸੀ।

ਡੇਰਾ ਲਾਉਣ ਵਾਲੀ ਪਹਿਲੀ ਥਾਂ ਜਿਸ ਦਾ ਜ਼ਿਕਰ ਕੀਤਾ ਗਿਆ ਹੈ ਉਹ **ਓਬੋਥ** ਹੈ, ਜਦ ਕਿ ਗਿਣਤੀ 33:41-43 ਵਿਚ, ਇਹ ਥਾਂ ਸਲਮੋਨਾਹ ਅਤੇ ਫੂਨੋਨ ਤੋਂ ਪਹਿਲਾਂ ਆਉਂਦੇ ਹਨ। ਸਲਮੋਨਾਹ ਅਤੇ ਓਬੋਥ ਦੀਆਂ ਸਹੀ ਥਾਵਾਂ ਅਨਿਸ਼ਚਤ ਹਨ। ਪਰ, ਫੂਨੋਨ ਆਮ ਤੌਰ ਤੇ ਅੱਜਕੱਲ੍ਹ ਦੇ ਫੀਨਨ, ਜੌਰਡਨ ਨਾਲ ਜੁੜਿਆ ਹੋਇਆ ਹੈ। ਜੇਕਰ ਇਹ ਪਛਾਣ ਸਹੀ ਹੈ, ਓਬੋਥ ਫੀਨਨ ਅਤੇ ਜ਼ਰਦ ਦੀ ਵਾਦੀ ਵਿਚਕਾਰ ਸਥਿਤ ਸੀ। ਓਬੋਥ ਨਾਮ ਦਾ ਅਰਥ "ਮਸ਼ਕਾਂ" ਹੈ।

**ਆਇਤ 11. ਓਬੋਥ** ਤੋਂ, ਇਸਰਾਏਲੀ **ਈਯੇਅਬਾਰੀਮ ਦੀ ਉਸ ਉਜਾੜ ਵਿੱਚ ਜਿਹੜੀ ਮੋਆਬ**

**ਦੇ ਸਾਹਮਣੇ ਚੜ੍ਹਦੇ ਪਾਸੇ ਹੈ** ਗਏ। ਗਿਣਤੀ 33:44 ਹੋਰ ਵੀ ਜ਼ਿਆਦਾ ਸਪੱਸ਼ਟ ਹੈ ਜੋ ਆਖਦੀ ਹੈ ਕਿ ਇਹ "ਮੋਆਬ ਦੀ ਸਰਹੱਦ ਉੱਤੇ" ਸੀ। ਇਸ ਥਾਂ ਦੀ ਸਹੀ ਸਥਿਤੀ ਅਨਿਸ਼ਚਤ ਹੈ। ਫਿਰ ਵੀ, ਚੜ੍ਹਦੇ ਪਾਸੇ ਵਾਲੀ ਥਾਂ ਇਹ ਦੱਸਦੀ ਹੈ ਕਿ ਇਸਰਾਏਲੀਆਂ ਨੇ ਮੋਆਬੀਆਂ ਨਾਲ ਲੜਾਈ ਕਰਨ ਤੋਂ ਬਚਣਾ ਸੀ, ਜਿਵੇਂ ਉਨ੍ਹਾਂ ਨੇ ਅਦੋਮੀਆਂ ਨਾਲ ਕੀਤਾ ਸੀ। ਮੋਆਬੀ ਵੀ ਇਸਰਾਏਲ ਨਾਲ ਸੰਬੰਧਤ ਸਨ ਅਤੇ ਉਹ ਅਬਰਾਹਾਮ ਦੇ ਭਤੀਜੇ ਲੂਤ ਦੀ ਅੰਸ ਸਨ (ਉਤਪਤ 19:30-38)।

**ਆਇਤ 12.** ਇਸਰਾਏਲੀਆਂ ਨੇ ਫਿਰ **ਜ਼ਰਦ ਦੀ ਵਾਦੀ ਵਿੱਚ ਡੇਰੇ ਕੀਤੇ**। "ਵਾਦੀ" ਇਕ ਖੁਸ਼ਕ ਨਹਿਰ ਜਾਂ ਨਦੀ ਹੈ ਜੋ ਉਸ ਸਮੇਂ ਵਗਦੀ ਹੈ ਜਦੋਂ ਵਰਖਾ ਡਿੱਗਦੀ ਹੈ। ਜ਼ਰਦ ਦੀ ਵਾਦੀ ਖਾਰੇ ਸਮੁੰਦਰ ਦੇ ਦੱਖਣੀ ਕੰਢੇ ਵਿਚ ਪਹੁੰਚਦੀ ਹੈ ਅਤੇ ਅਦੋਮ ਅਤੇ ਮੋਆਬ ਵਿਚਕਾਰ ਸਰਹੱਦ ਦਾ ਕੰਮ ਕਰਦੀ ਹੈ। ਬਿਵਸਥਾ ਸਾਰ 2:14 ਦੱਸਦੀ ਹੈ ਕਿ "ਜ਼ਾਰਦ ਦੇ ਨਾਲੇ" ਨੂੰ ਪਾਰ ਕਰਨਾ ਇਸਰਾਏਲੀਆਂ ਦੀ ਉਜਾੜ ਵਾਲੀ ਅਸੀਰੀ ਦੇ ਆਖ਼ਰੀ ਦਿਨਾਂ ਦੀ ਸ਼ੁਰੂਆਤ ਵੱਲ ਸੰਕੇਤ ਕਰਦਾ ਸੀ।

**ਆਇਤ 13.** ਜ਼ਰਦ ਦੀ ਵਾਦੀ ਤੋਂ, ਲੋਕ **ਅਰਨੋਨ ਨਦੀ ਦੇ ਪਾਰ** ਗਏ। ਅਰਨੋਨ ਨਦੀ ਖਾਰੇ ਸਮੁੰਦਰ ਦੇ ਚੜ੍ਹਦੇ ਪਾਸੇ ਵੱਲ, ਇਸ ਦੇ ਮੱਧ ਬਿੰਦੂ ਦੇ ਉੱਪਰ, ਵਹਿੰਦੀ ਸੀ। ਇਸ ਸਮੇਂ ਦੌਰਾਨ, ਅਰਨੋਨ ਨਦੀ **ਮੋਆਬ ਦੀ** ਉੱਤਰੀ **ਹੱਦ** ਅਤੇ **ਅਮੋਰੀਆਂ ਦੀ** ਦੱਖਣੀ **ਹੱਦ** ਦੇ ਰੂਪ ਵਿਚ ਕੰਮ ਕਰਦੀ ਸੀ। ਅਮੋਰੀਆਂ ਦਾ ਇਲਾਕਾ ਅਰਨੋਨ ਤੋਂ ਵਾਦੀ ਯਬੋਕ ਦੇ ਉੱਤਰੀ ਹਿੱਸੇ ਵੱਲ ਪੰਜਾਹ ਮੀਲ ਤੱਕ ਫੈਲਿਆ ਹੋਇਆ ਸੀ।

**ਆਇਤਾਂ 14, 15.** 21:10-20 ਵਿਚ ਇਸਰਾਏਲ ਦੇ ਸਫ਼ਰ ਦਾ ਬਿਰਤਾਂਤ ਦੇ ਗੀਤਾਂ ਦੁਆਰਾ ਸਮਝਾਇਆ ਗਿਆ ਹੈ। 21:14, 15 ਵਿਚ ਪਹਿਲੇ ਗੀਤ ਦਾ ਇਬਰਾਨੀ ਤੋਂ ਅਨੁਵਾਦ ਕਰਨਾ ਮੁਸ਼ਕਲ ਹੈ, ਸ਼ਾਇਦ ਇਸ ਲਈ ਕਿਉਂਕਿ ਲਿਖਤ ਵਿਚ ਮੌਜੂਦ ਕਿਰਿਆ ਨੂੰ ਬਾਅਦ ਵਾਲੀਆਂ ਹੱਥਲਿਖਤਾਂ ਵਿੱਚੋਂ ਅਣਜਾਣੇ ਵਿਚ ਛੱਡ ਦਿੱਤਾ ਗਿਆ ਸੀ। ਇਹ **ਵਾਹੇਬ ... ਸੁਫ਼ਾਹ ਵਿੱਚ** ਨਾਲ ਸ਼ੁਰੂ ਹੁੰਦਾ ਹੈ। ਸ਼ਾਇਦ ਲਿਖਤ ਅਸਲ ਵਿਚ ਇਹ ਕਹਿੰਦੀ ਹੋਵੇਗੀ, "ਅਸੀਂ ਸੁਫ਼ਾਹ ਵਿੱਚ ਵਾਹੇਬ ਥਾਣੀ ਲੰਘੇ ਸੀ" ਜਾਂ "ਅਸੀਂ ਸੁਫ਼ਾਹ ਵਿੱਚ ਵਾਹੇਬ ਲਿਆ।" ਅਰਨੋਨ ਦੀਆਂ ਵਾਦੀਆਂ ਵਾਕ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ "ਅਰਨੋਨ ਇਕ ਇਕਲੌਤੀ ਵਾਦੀ ਨਹੀਂ ਸੀ ਪਰ ਇਸ ਵਿਚ ਕਈ ਦਰਿਆ ਵਗਦੇ ਸਨ।"[7] **ਆਰ** ਜੋ ਕਿ ਇਹ ਮੋਆਬੀ ਸ਼ਹਿਰ ਸੀ ਉਸ ਦੀ ਸਹੀ ਸਥਿਤੀ ਅਨਿਸ਼ਚਤ ਹੈ (ਵੇਖੋ 21:28; ਬਿਵਸਥਾ ਸਾਰ 2:9, 18, 29)।

ਇਹ ਗੀਤ **ਯਹੋਵਾਹ ਦੇ ਜੰਗਨਾਮੇ** ਵਿੱਚੋਂ ਲਿਆ ਗਿਆ ਸੀ, ਜਿਹੜਾ ਕਿ ਵੈਸੇ ਅਣਜਾਣ ਹੈ। ਪੁਰਾਣੇ ਨੇਮ ਦੀਆਂ ਇਤਹਾਸਕ ਪੁਸਤਕਾਂ ਅਕਸਰ ਗੈਰ-ਪ੍ਰਮਾਣਿਕ ਲਿਖਤਾਂ ਦਾ ਹਵਾਲਾ ਦਿੰਦੀਆਂ ਹਨ, ਜਿਵੇਂ ਕਿ "ਯਾਸ਼ਰ ਦੀ ਪੋਥੀ" (ਯਹੋਸ਼ੁਆ 10:13; 2 ਸਮੂਏਲ 1:18), ਜੋ ਕਿ ਅੱਜ ਸਾਡੇ ਲਈ ਸੰਭਾਲ ਕੇ ਨਹੀਂ ਰੱਖੀਆਂ ਗਈਆਂ। ਇਸ ਅਧਿਆਇ ਵਿਚ ਹੋਰ ਗੀਤ (21:17, 18, 27-30) ਵੀ "ਯਹੋਵਾਹ ਦੇ ਜੰਗ ਨਾਮੇ" ਵਿੱਚੋਂ ਆਏ ਹੋਣਗੇ।

**ਆਇਤ 16.** ਅਰਨੋਨ ਵਾਦੀ ਦੇ ਕੋਲ ਡੇਰੇ ਤੋਂ, ਇਸਰਾਏਲੀ **ਬਏਰ** ਨੂੰ ਗਏ। ਇਬਰਾਨੀ ਸ਼ਬਦ בְּאֵר *(ਬੀਰ)* ਦਾ ਅਰਥ "ਖੂਹ" ਹੁੰਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਇਹ ਨਾਮ ਇਸ ਥਾਂ ਨੂੰ ਇਸਰਾਏਲੀਆਂ ਦੁਆਰਾ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਉੱਥੇ ਖੂਹ ਪੁੱਟਿਆ ਸੀ। *ਬੀਰ* ਸ਼ਬਦ ਬਏਰ-ਲਹਈ-ਰੋਈ ਅਤੇ ਬਏਰਸਬਾ ਨਾਵਾਂ ਵਿਚ ਵੀ ਆਉਂਦਾ ਹੈ, ਇਹ ਉਹ ਥਾਵਾਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਖੂਹਾਂ ਦੇ ਲਈ ਚੇਤੇ ਕੀਤਾ ਗਿਆ ਸੀ (ਉਤਪਤ 16:7-14; 21:22-34)। ਬਏਰ ਵਿਚ, ਪਰਮੇਸ਼ੁਰ ਨੇ ਮੂਸਾ ਨੂੰ **ਪਰਜਾ ਨੂੰ ਇਕੱਠਾ ਕਰਨ** ਦੇ ਲਈ ਆਖਿਆ ਸੀ ਤਾਂ ਕਿ ਉਹ **ਉਨ੍ਹਾਂ ਨੂੰ ਪਾਣੀ ਦੇ** ਸਕਦਾ।

**ਆਇਤਾਂ 17-19.** 21:10-20 ਵਿਚ ਉਨ੍ਹਾਂ ਦੇ ਸਫ਼ਰਾਂ ਸੰਬੰਧੀ ਦੂਜਾ ਗੀਤ **ਖੂਹ** ਨੂੰ ਸਫ਼ਲਤਾਪੂਰਵਕ ਪੁੱਟਣ ਦੇ ਜਸ਼ਨ ਬਾਰੇ ਸੀ। ਸਪੱਸ਼ਟ ਤੌਰ ਤੇ, ਉਨ੍ਹਾਂ ਨੇ ਜਦੋਂ ਖੂਹ ਪੁੱਟਿਆ, ਉਨ੍ਹਾਂ ਨੇ ਇਸ ਤਰ੍ਹਾਂ ਗਾਇਆ, **ਹੇ ਖੂਹ, ਉੱਬਲ ਆ!** ਉਨ੍ਹਾਂ ਦੀਆਂ ਕੋਸ਼ਿਸ਼ਾਂ ਸਫ਼ਲ ਰਹੀਆਂ ਹੋਣਗੀਆਂ; ਇਸ ਕੰਮ ਦੀ ਮੌਜੂਦਗੀ-ਗੀਤ ਉਸ ਤੱਥ ਦੀ ਗਵਾਹੀ ਦਿੰਦਾ ਹੈ। ਖੂਹ ਨੂੰ ਪੁੱਟਣ ਵਿਚ ਉਨ੍ਹਾਂ ਦੀ ਸਫ਼ਲਤਾ ਨੂੰ ਉਨ੍ਹਾਂ ਚੰਗੀਆਂ ਚੀਜ਼ਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਜੋ ਇਸਰਾਏਲੀਆਂ ਨਾਲ ਹੋਈਆਂ ਸਨ ਜਿਨ੍ਹਾਂ ਦਾ ਜ਼ਿਕਰ ਇਸ ਅਧਿਆਇ ਵਿਚ ਕੀਤਾ ਗਿਆ ਹੈ।

ਕਈਆਂ ਨੇ ਇਸ ਨੂੰ ਅਜੀਬ ਸਮਝਿਆ ਹੈ ਕਿ **ਸਰਦਾਰਾਂ** ਨੂੰ ਖੂਹ ਨੂੰ **ਆਪਣੀਆਂ ਲਾਠੀਆਂ ਨਾਲ** ਪੁੱਟਣ ਦੇ ਲਈ ਸੋਭਾ ਦਿੱਤੀ ਜਾਵੇਗੀ। ਇਸੇ ਕਾਰਨ, ਇਹ ਕਲਪਨਾ ਕੀਤੀ ਗਈ ਹੈ ਕਿ ਭਾਸ਼ਾ ਨੂੰ ਸ਼ਾਬਦਿਕ ਤੌਰ ਤੇ ਨਹੀਂ ਲਿਆ ਜਾਣਾ ਚਾਹੀਦਾ। ਇਕ ਪ੍ਰਤੀਕਾਤਮਕ ਵਿਆਖਿਆ ਇਹ ਹੈ ਕਿ ਸਰਦਾਰਾਂ ਨੇ ਇਸ ਪਰਿਯੋਜਨਾ ਨੂੰ ਸਿਰਫ ਆਪਣਾ ਪੂਰਾ ਸਮਰਥਨ ਦਿੱਤਾ ਸੀ, ਜਿਹੜਾ ਕਿ ਅਸਲ ਵਿਚ ਦੂਜਿਆਂ ਦੁਆਰਾ ਪੂਰਾ ਕੀਤਾ ਗਿਆ ਸੀ। ਗੀਤ ਵਿਚ, ਲਾਠੀਆਂ ਸਿਰਫ ਉਨ੍ਹਾਂ ਦੇ ਅਧਿਕਾਰ ਦਾ ਪ੍ਰਤੀਕ ਹਨ। ਪਰ, ਲਿਖਤ ਦੀ ਜ਼ਿਆਦਾ ਸ਼ਾਬਦਿਕ ਵਿਆਖਿਆ ਦਾ ਆਸਾਨੀ ਨਾਲ ਬਚਾਅ ਕੀਤਾ ਜਾ ਸਕਦਾ ਹੈ। ਇਹ ਹੋ ਸਕਦਾ ਹੈ ਕਿ ਸਰਦਾਰਾਂ ਨੇ ਮੁੜ ਇਕ ਖੂਹ ਦੀ ਖੋਜ ਕੀਤੀ ਸੀ ਜਿਹੜਾ ਹੁਣ ਤੱਕ ਗੁੱਝਾ ਸੀ; ਉਨ੍ਹਾਂ ਦੀਆਂ ਲਾਠੀਆਂ ਗੰਦਗੀ ਅਤੇ ਮਲਬੇ ਨੂੰ ਹਟਾਉਣ ਜਾਂ ਢੱਕਣ ਨੂੰ ਹਟਾਉਣ ਦੇ ਲਈ ਕਾਫ਼ੀ ਸਨ। ਇਕ ਹੋਰ ਸੰਭਾਵਨਾ ਇਹ ਹੈ ਕਿ ਸਰਦਾਰਾਂ ਨੇ ਇਕ ਖੋਖਲੇ ਖੂਹ ਨੂੰ ਪੁੱਟਣ ਦੇ ਲਈ ਉਨ੍ਹਾਂ ਦੀਆਂ ਲਾਠੀਆਂ ਨੂੰ ਵਰਤਿਆ ਸੀ; ਉਹ ਇਕ ਅਜਿਹੇ ਇਲਾਕੇ ਵਿਚ ਸਨ ਜਿੱਥੇ ਪਾਣੀ ਸਤਹ ਦੇ ਬਿਲਕੁਲ ਨੇੜੇ ਸਥਿਤ ਸੀ।

ਇਸਰਾਏਲ ਦੇ ਸਫ਼ਰ ਦੇ ਅੰਤ ਦੇ ਨੇੜੇ ਅਨਿਸ਼ਚਤ ਸਥਿਤੀ ਦੀਆਂ ਤਿੰਨ ਹੋਰ ਥਾਵਾਂ ਦਾ ਜ਼ਿਕਰ ਕੀਤਾ ਗਿਆ ਹੈ। **ਮੱਤਾਨਾਹ** ਨੂੰ ਅੱਜਕੱਲ੍ਹ ਦੇ ਖਿਰਬਤ ਏਲ-ਮੀਦੀਯੀਨੇਹ ਦੇ ਨਾਲ ਪਛਾਣਿਆ ਗਿਆ ਹੈ ਜੋ ਕਿ ਦੀਬੋਨ-ਗਾਦ ਦੇ ਉੱਤਰ-ਪੂਰਬ ਵਿਚ ਲਗਭਗ ਗਿਆਰਾਂ ਮੀਲ ਸੀ (ਵੇਖੋ 33:46)। **ਨਹਲੀਏਲ** ਦਾ ਅਰਥ "ਪਰਮੇਸ਼ੁਰ ਦੀ ਵਾਦੀ" ਹੈ। ਕਈਆਂ ਨੇ ਇਸ ਨੂੰ ਵਾਲੇਹ ਦੀ ਵਾਦੀ, ਅਰਨੋਨ ਦੀ ਵਾਦੀ ਦੇ ਦਰਿਆ ਨਾਲ ਪਛਾਣਿਆ ਹੈ, ਜਦ ਕਿ ਕਈਆਂ ਨੇ ਇਸ ਨੂੰ ਜ਼ਰਕਾ-ਮਾਇਨ ਦੀ ਵਾਦੀ ਦੇ ਨਾਲ ਜੋੜਿਆ ਹੈ ਜੋ ਕਿ ਅਰਨੋਨ ਦੇ ਉੱਤਰ ਵਿਚ ਲਗਭਗ ਗਿਆਰਾਂ ਮੀਲ ਤੇ ਸਥਿਤ ਸੀ। **ਬਾਮੋਥ** "ਉਚਿਆਈਆਂ" ਦਾ ਹਵਾਲਾ ਦਿੰਦਾ ਹੈ। ਇਹ ਸ਼ਾਇਦ ਉਹੀ ਇਲਾਕਾ ਹੋਵੇਗਾ ਜਿਸ ਦਾ ਜ਼ਿਕਰ 22:41 ਵਿਚ "ਬਆਲ ਦੀਆਂ ਉਚਿਆਈਆਂ" ਦੇ ਰੂਪ ਵਿਚ ਕੀਤਾ ਗਿਆ ਹੈ।

**ਆਇਤ 20.** ਅੰਤ ਵਿਚ, ਇਸਰਾਏਲੀ ਉਸ **ਢਾਬ** ਕੋਲ ਆਏ **ਜਿਹੜੀ ਮੋਆਬ ਦੇ ਮਦਾਨ ਵਿੱਚ** ਹੈ। ਇਸ ਇਲਾਕੇ ਨੂੰ "ਮੋਆਬ ਦਾ ਮਦਾਨ" ਆਖਿਆ ਗਿਆ ਹੈ ਕਿਉਂਕਿ ਅਸਲ ਵਿਚ ਇਸ ਤੇ ਮੋਆਬੀਆਂ ਨੇ ਕਬਜ਼ਾ ਕੀਤਾ ਹੋਇਆ ਸੀ। ਪਰ, ਇਸ ਸਮੇਂ, ਇਸ ਤੇ ਆਮੋਰੀਆਂ ਦਾ ਕਬਜ਼ਾ ਸੀ (21:26)। ਇਸ ਥਾਂ ਨੂੰ ਅੱਗੇ **ਪਿਸਗਾਹ ਦੀ ਟੀਸੀ** ਨਾਲ ਜੋੜ ਕੇ ਵੇਖਿਆ ਗਿਆ ਸੀ **ਜਿਹੜੀ ਥਲ ਉੱਤੇ ਪਲਮੀ ਹੋਈ ਹੈ** ("ਸੁੰਨਸਾਨ"; KJV)।

21:10-20 ਵਿਚ ਇਸਰਾਏਲ ਦੇ ਸਫ਼ਰ ਦਾ ਸਾਰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ:

ਹੋਰ ਪਰਬਤ ਤੋਂ ਲੈ ਕੇ ਓਬੋਥ ਤੀਕ (21:10),
ਓਬੋਥ ਤੋਂ ਲੈ ਕੇ ਮੋਆਬ ਦੇ ਚੜ੍ਹਦੇ ਪਾਸੇ ਈਯੇਅਬਾਰੀਮ ਤੀਕ (21:11),
ਈਯੇਅਬਾਰੀਮ ਤੋਂ ਲੈ ਕੇ ਜ਼ਰਦ ਦੀ ਵਾਦੀ ਤੀਕ (21:12),
ਜ਼ਰਦ ਦੀ ਵਾਦੀ ਤੋਂ ਲੈ ਕੇ ਅਰਨੋਨ ਨਦੀ ਦੇ ਪਾਰ ਲਾਏ ਡੇਰੇ ਤੀਕ, ਮੋਆਬ ਦੀ ਹੱਦ ਉੱਤੇ

(21:13),
ਅਰਨੋਨ ਦੇ ਨੇੜੇ ਡੇਰੇ ਤੋਂ ਲੈ ਕੇ ਬਏਰ ਤੀਕ (21:16),
ਬਏਰ ਤੋਂ ਲੈ ਕੇ ਮੱਤਾਨਾਹ ਤੀਕ (21:18),
ਮੱਤਾਨਾਹ ਤੋਂ ਲੈ ਕੇ ਨਹਲੀਏਲ ਤੀਕ (21:19),
ਨਹਲੀਏਲ ਤੋਂ ਲੈ ਕੇ ਬਾਮੋਥ ਤੀਕ (21:19),
ਬਾਮੋਥ ਤੋਂ ਲੈ ਕੇ ਢਾਬ ਤੀਕ ਜਿਹੜੀ ਮੋਆਬ ਵਿੱਚ ਹੈ (21:20)।

## ਅਮੋਰੀਆਂ ਦੇ ਰਾਜੇ ਸੀਹੋਨ ਉੱਤੇ ਜਿੱਤ (21:21-32)

**21ਤਾਂ ਇਸਰਾਏਲ ਨੇ ਅਮੋਰੀਆਂ ਦੇ ਰਾਜੇ ਸੀਹੋਨ ਕੋਲ ਹਲਕਾਰੇ ਘੱਲੇ 22ਕਿ ਤੁਸੀਂ ਮੈਨੂੰ ਆਪਣੇ ਦੇਸ ਵਿੱਚ ਦੀ ਲੰਘ ਜਾਣ ਦਿਓ। ਅਸੀਂ ਖੇਤ ਅਥਵਾ ਦਾਖ ਦੀ ਬਾੜੀ ਵਿੱਚ ਨਹੀਂ ਵੜਾਂਗੇ, ਨਾ ਅਸੀਂ ਖੂਹ ਦਾ ਪਾਣੀ ਪੀਵਾਂਗੇ। ਅਸੀਂ ਪਾਤਸ਼ਾਹੀ ਸੜਕ ਥਾਣੀ ਚੱਲਾਂਗੇ ਜਦ ਤਕ ਤੁਹਾਡੀਆਂ ਹੱਦਾਂ ਤੋਂ ਪਾਰ ਨਾ ਲੰਘ ਜਾਈਏ। 23ਪਰ ਸੀਹੋਨ ਨੇ ਇਸਰਾਏਲ ਨੂੰ ਆਪਣੀਆਂ ਹੱਦਾਂ ਦੇ ਵਿੱਚ ਦੀ ਨਾ ਲੰਘਣ ਦਿੱਤਾ ਪਰ ਸੀਹੋਨ ਨੇ ਆਪਣੇ ਸਾਰੇ ਲੋਕ ਇਕੱਠੇ ਕੀਤੇ ਅਤੇ ਇਸਰਾਏਲ ਦੇ ਮਿਲਣ ਲਈ ਉਜਾੜ ਵਿੱਚ ਬਾਹਰ ਜਾ ਕੇ ਯਹਸ ਨੂੰ ਗਿਆ ਅਤੇ ਇਸਰਾਏਲ ਨਾਲ ਲੜਿਆ। 24ਤਾਂ ਇਸਰਾਏਲ ਨੇ ਉਹ ਨੂੰ ਤੇਗ ਦੀ ਧਾਰ ਨਾਲ ਮਾਰਿਆ ਅਤੇ ਅਰਨੋਨ ਤੋਂ ਯੱਬੋਕ ਤੀਕ ਅਰਥਾਤ ਅੰਮੋਨੀਆਂ ਤੀਕ ਉਹ ਦੀ ਧਰਤੀ ਉੱਤੇ ਕਬਜ਼ਾ ਕਰ ਲਿਆ ਕਿਉਂ ਜੋ ਅੰਮੋਨੀਆਂ ਦੀ ਹੱਦ ਪੱਕੀ ਸੀ। 25ਅਤੇ ਇਸਰਾਏਲ ਨੇ ਏਹ ਸਾਰੇ ਸ਼ਹਿਰ ਲੈ ਲਏ ਅਤੇ ਇਸਰਾਏਲ ਹਸ਼ਬੋਨ ਵਿੱਚ ਅਮੋਰੀਆਂ ਦੇ ਸਾਰੇ ਸ਼ਹਿਰਾਂ ਅਤੇ ਉਸ ਦੇ ਸਾਰੇ ਪਿੰਡਾਂ ਵਿੱਚ ਵੱਸ ਗਿਆ। 26ਕਿਉਂ ਜੋ ਹਬਸ਼ੋਨ ਅਮੋਰੀਆਂ ਦੇ ਰਾਜੇ ਸੀਹੋਨ ਦਾ ਸ਼ਹਿਰ ਸੀ ਜਿਸ ਨੇ ਮੋਆਬ ਦੇ ਅਗਲੇ ਰਾਜੇ ਨਾਲ ਲੜ ਕੇ ਉਸ ਦੇ ਸਾਰੇ ਦੇਸ ਨੂੰ ਉਸ ਦੇ ਹੱਥੋਂ ਅਰਨੋਨ ਤੀਕ ਲੈ ਲਿਆ ਸੀ। 27ਏਸ ਲਈ ਕਵੀ ਆਖਦੇ ਹਨ ਕਿ ਹਸ਼ਬੋਨ ਵਿੱਚ ਆਓ, ਸੀਹੋਨ ਦਾ ਸ਼ਹਿਰ ਬਣਾਇਆ ਅਤੇ ਪੱਕਾ ਕੀਤਾ ਜਾਵੇ, 28ਕਿਉਂ ਜੋ ਅੱਗ ਹਸ਼ਬੋਨ ਤੋਂ ਨਿੱਕਲੀ, ਅਤੇ ਸੀਹੋਨ ਦੇ ਨਗਰ ਤੋਂ ਇੱਕ ਭਬੂਕਾ, ਮੋਆਬ ਦੇ ਆਰ ਨੂੰ ਭਸਮ ਕੀਤਾ, ਨਾਲੇ ਅਰਨੋਨ ਦੀਆਂ ਉਚਿਆਈਆਂ ਦੇ ਮਾਲਕਾਂ ਨੂੰ। 29ਹਾਏ ਤੈਨੂੰ, ਹੇ ਮੋਆਬ! ਹੇ ਕਮੋਸ਼ ਦੇ ਪੂਜਕੋ, ਤੁਸੀਂ ਬਰਬਾਦ ਹੋਏ! ਉਸ ਨੇ ਆਪਣੇ ਪੁੱਤ੍ਰਾਂ ਨੂੰ ਭਗੌੜਿਆਂ ਵਾਂਙੁ ਛੱਡਿਆ, ਅਤੇ ਆਪਣੀਆਂ ਧੀਆਂ ਨੂੰ ਸੀਹੋਨ ਅਮੋਰੀਆਂ ਦੇ ਰਾਜੇ ਦੇ ਬੰਧਣ ਵਿੱਚ! 30ਅਸਾਂ ਉਨ੍ਹਾਂ ਉੱਤੇ ਤੀਰ ਚਲਾਏ, ਹਸ਼ਬੋਨ ਦੀਬੋਨ ਤੀਕ ਬਰਬਾਦ ਹੋਇਆ, ਅਤੇ ਅਸਾਂ ਨੋਫ਼ਾਹ ਤੀਕ ਉਜਾੜ ਦਿੱਤਾ, ਜਿਹੜਾ ਮੇਦਬਾ ਤੀਕ ਫੈਲਿਆ ਹੋਇਆ ਹੈ। 31ਐਉਂ ਇਸਰਾਏਲ ਅਮੋਰੀਆਂ ਦੀ ਧਰਤੀ ਵਿੱਚ ਵੱਸਿਆ। 32ਫੇਰ ਮੂਸਾ ਨੇ ਯਾਜ਼ੇਰ ਦੀ ਖੋਜ ਕੱਢਣ ਲਈ ਘੱਲੇ ਅਤੇ ਉਨ੍ਹਾਂ ਨੇ ਉਸ ਦੇ ਪਿੰਡਾਂ ਨੂੰ ਕਾਬੂ ਕਰ ਲਿਆ ਅਤੇ ਉੱਥੋਂ ਦੇ ਅਮੋਰੀਆਂ ਨੂੰ ਕੱਢ ਦਿੱਤਾ।**

**ਆਇਤਾਂ 21, 22.** ਇਸਰਾਏਲੀਆਂ ਨੇ **ਅਮੋਰੀਆਂ ਦੇ ਰਾਜੇ ਸੀਹੋਨ** ਕੋਲੋਂ ਉਸ ਦੇ ਦੇਸ **ਵਿੱਚ ਦੀ ਲੰਘਣ** ਦੀ ਇਜਾਜ਼ਤ ਮੰਗੀ ਸੀ (ਵੇਖੋ ਬਿਵਸਥਾ ਸਾਰ 2:26-37), ਜਿਵੇਂ ਕਿ ਉਨ੍ਹਾਂ ਨੇ ਉਸ ਸਮੇਂ ਕੀਤਾ ਸੀ ਜਦੋਂ ਉਹ ਅਦੋਮ ਦੇ ਵਿੱਚ ਦੀ ਲੰਘਣਾ ਚਾਹੁੰਦੇ ਸਨ (20:14-21)। ਉਨ੍ਹਾਂ ਨੇ ਉਸ ਸਮੇਂ ਵੀ ਇਸੇ ਤਰ੍ਹਾਂ ਦਾ ਵਾਅਦਾ ਕਰਦੇ ਹੋਏ ਆਖਿਆ ਸੀ, **ਅਸੀਂ ਖੇਤ ਅਥਵਾ ਦਾਖ ਦੀ ਬਾੜੀ ਵਿੱਚ ਨਹੀਂ ਵੜਾਂਗੇ, ਨਾ ਅਸੀਂ ਖੂਹ ਦਾ ਪਾਣੀ ਪੀਵਾਂਗੇ। ਅਸੀਂ ਪਾਤਸ਼ਾਹੀ ਸੜਕ ਥਾਣੀ ਚੱਲਾਂਗੇ ਜਦ ਤਕ ਤੁਹਾਡੀਆਂ ਹੱਦਾਂ ਤੋਂ ਪਾਰ ਨਾ ਲੰਘ ਜਾਈਏ।** "ਪਾਤਸ਼ਾਹੀ ਸੜਕ" ਸੰਭਵ ਤੌਰ ਤੇ ਇਕ ਮਹੱਤਵਪੂਰਣ ਸੜਕ ਸੀ ਜੋ ਉੱਤਰ ਵਿਚ ਦੰਮਿਸਕ ਤੋਂ ਲੈ ਕੇ ਦੱਖਣ ਵਿਚ ਅਕਾਬਾਹ ਦੀ ਵਾਦੀ ਅਤੇ ਅਰਬ ਤੀਕ ਫੈਲੀ ਹੋਈ ਸੀ।

**ਆਇਤ 23.** ਪਰ, **ਸੀਹੋਨ** ਰਾਜਾ ਨੇ ਉਨ੍ਹਾਂ ਦੀ ਬੇਨਤੀ ਦਾ ਜਵਾਬ ਨਕਾਰਾਤਮਕ ਢੰਗ ਨਾਲ ਦਿੱਤਾ ਅਤੇ **ਇਸਰਾਏਲ ਦੇ ਮਿਲਣ ਲਈ ਉਜਾੜ ਵਿੱਚ ਜਾ ਕੇ ... ਇਸਰਾਏਲ ਨਾਲ ਲੜਿਆ।** ਉਨ੍ਹਾਂ ਦੀ ਲੜਾਈ ਵਾਲੀ ਥਾਂ ਯਹਸ ਸੀ। ਜਦ ਕਿ ਇਸ ਥਾਂ ਦੀ ਸਹੀ ਸਥਿਤੀ ਤੇ ਬਹਿਸ ਕੀਤੀ ਜਾਂਦੀ ਹੈ, ਪੁਰਾਤਨ ਸ੍ਰੋਤਾਂ ਨੇ ਇਸ ਨੂੰ ਮੇਦਬਾ ਅਤੇ ਦੀਬੋਨ ਦੇ ਵਿਚਕਾਰ ਰੱਖਿਆ ਸੀ[8] - ਦੂਜੇ ਸ਼ਬਦਾਂ ਵਿਚ, ਦੱਖਣੀ-ਪੂਰਬੀ ਇਲਾਕੇ ਤੇ ਅਮੋਰੀਆਂ ਦਾ ਕਬਜ਼ਾ ਸੀ। ਇਸ ਦਾ ਅਰਥ ਇਹ ਹੈ ਕਿ ਇਸਰਾਏਲੀਆਂ ਨੇ ਉਨ੍ਹਾਂ ਦੇ ਦੌਰੇ ਨੂੰ ਪੂਰਾ ਕਰਨ ਤੋਂ ਪਹਿਲਾਂ ਰਾਜਾ ਸੀਹੋਨ ਦੇ ਅੱਗੇ ਬੇਨਤੀ ਕੀਤੀ ਸੀ (21:10-20), ਕਿਉਂਕਿ ਉਨ੍ਹਾਂ ਦੀ ਆਖ਼ਰੀ ਮੰਜਿਲ ਹਾਲੇ ਯਹਸ ਦੇ ਉੱਤਰ ਵਿਚ ਬਹੁਤ ਜ਼ਿਆਦਾ ਦੂਰ ਸੀ। ਸਪੱਸ਼ਟ ਤੌਰ ਤੇ, ਅਮੋਰੀਆਂ ਦੇ ਰਾਜੇ ਕੋਲ ਹਲਕਾਰੇ ਘੱਲੇ ਗਏ ਸਨ ਜਦੋਂ ਇਸਰਾਏਲੀਆਂ ਨੇ ਉਸ ਦੀ ਦੱਖਣੀ ਹੱਦ, ਅਰਨੋਨ ਦੀ ਵਾਦੀ ਨੂੰ ਪਾਰ ਕੀਤਾ ਸੀ। ਇਸ ਇਲਾਕੇ ਦਾ ਵਰਣਨ "ਉਜਾੜ" ਵਜੋਂ ਕੀਤਾ ਗਿਆ ਹੈ (21:13) ਅਤੇ ਸਮਾਨਾਂਤਰ ਲਿਖਤ ਕਹਿੰਦੀ ਹੈ ਕਿ ਹਲਕਾਰੇ "ਕਦੇਮੋਥ ਦੀ ਉਜਾੜ" ਤੋਂ ਘੱਲੇ ਗਏ ਸਨ (ਬਿਵਸਥਾ ਸਾਰ 2:26)।

**ਆਇਤਾਂ 24, 25.** ਲੜਾਈ ਵਿਚ ਪਰਮੇਸ਼ੁਰ ਦੀ ਪਰਜਾ ਦਾ ਵਿਰੋਧ ਕਰਨ ਦਾ ਫ਼ੈਸਲਾ ਰਾਜੇ ਦੇ ਲਈ ਮਹਿੰਗੀ ਗਲਤੀ ਸਾਬਤ ਹੋਇਆ; ਇਸਰਾਏਲ ਨੇ **ਉਹ ਨੂੰ ਤੇਗ ਦੀ ਧਾਰ ਨਾਲ ਮਾਰਿਆ** ਅਤੇ ਉਸ ਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ ਅਤੇ **ਹਬਸ਼ੋਨ ਵਿੱਚ ਅਮੋਰੀਆਂ ਦੇ ਸਾਰੇ ਸ਼ਹਿਰਾਂ ਅਤੇ ਉਸ ਦੇ ਸਾਰੇ ਪਿੰਡਾਂ ਵਿੱਚ** ਵੱਸ ਗਿਆ। ਅਮੋਰੀਆਂ ਕੋਲੋਂ ਲਈ ਗਈ ਜ਼ਮੀਨ ਦਾ ਅਸਲ ਵਸੇਬਾ - ਰਊਬੇਨ, ਗਾਦ ਅਤੇ ਮਨੱਸ਼ਹ ਦੇ ਅੱਧੇ ਗੋਤ ਦੁਆਰਾ ਵਸੇਬਾ - ਸ਼ਾਇਦ ਬਾਅਦ ਵਿਚ ਹੋਇਆ ਸੀ ਜਿਵੇਂ ਕਿ ਗਿਣਤੀ 32 ਅਧਿਆਇ ਵਿਚ ਲਿਖਿਆ ਹੋਇਆ ਹੈ।

**ਆਇਤ 26. ਹਸ਼ਬੋਨ** ਪਹਿਲਾਂ **ਮੋਆਬ ਦੇ ਅਗਲੇ ਰਾਜੇ ਦੀ ਜਾਇਦਾਦ** ਸੀ ਪਰ ਇਸ ਨੂੰ **ਅਮੋਰੀਆਂ** ਦੁਆਰਾ **ਲੈ ਲਿਆ** ਗਿਆ ਸੀ। ਹਸ਼ਬੋਨ ਨੇ ਫਿਰ ਅਮੋਰੀਆਂ ਦੀ ਰਾਜਧਾਨੀ - ਉਨ੍ਹਾਂ ਦੇ **ਰਾਜੇ ਸੀਹੋਨ ਦਾ ਸ਼ਹਿਰ** - ਵਜੋਂ ਕੰਮ ਕੀਤਾ (ਬਿਵਸਥਾ ਸਾਰ 2:26, 30; 3:6)। ਬਦਲੇ ਵਿਚ, ਇਸਰਾਏਲ ਨੇ ਹਸ਼ਬੋਨ ਨੂੰ ਜਿੱਤ ਲਿਆ ਅਤੇ ਇਸ ਨੂੰ ਅਮੋਰੀਆਂ ਕੋਲੋਂ ਲੈ ਲਿਆ (ਵੇਖੋ ਨਿਆਈਆਂ 11:14-23)। ਸ਼ਹਿਰ ਨੂੰ ਮੁੜ ਰਊਬੇਨ ਦੇ ਗੋਤ ਦੁਆਰਾ ਬਣਾਇਆ ਗਿਆ ਸੀ, ਹਾਲਾਂਕਿ ਇਹ ਗਾਦ ਦੇ ਇਲਾਕੇ ਦੀ ਹੱਦ ਉੱਤੇ ਵੀ ਸੀ (32:37; ਯਹੋਸ਼ੁਆ 13:15, 17, 24, 26; 21:39)। ਫਿਰ ਵੀ, ਬਾਅਦ ਵਿਚ, ਇਸ ਤੇ ਮੋਆਬੀਆਂ ਦੁਆਰਾ ਕਬਜ਼ਾ ਕਰ ਲਿਆ ਗਿਆ ਸੀ (ਯਸਾਯਾਹ 15:4; ਯਿਰਮਿਯਾਹ 48:2; ਵੇਖੋ 2 ਰਾਜਿਆਂ 3:4-27)।

**ਆਇਤਾਂ 27-30.** ਇਸ ਭਾਗ ਵਿਚ ਹਾਲੇ ਵੀ ਇਕ ਹੋਰ ਗੀਤ ਹੈ, ਜੋ ਸਪੱਸ਼ਟ ਤੌਰ ਤੇ ਉਨ੍ਹਾਂ ਦੁਆਰਾ ਗਾਇਆ ਗਿਆ ਸੀ **ਜਿਹੜੇ ਕਵੀ ਆਖਦੇ ਹਨ।** ਇਹ ਦੇਸ ਦੇ ਇਤਹਾਸ ਵਿਚ ਪਹਿਲਾਂ ਦੀ ਘਟਨਾ ਦਾ ਹਵਾਲਾ ਦਿੰਦਾ ਹੈ ਜਿਸ ਤੇ ਇਸਰਾਏਲ ਨੇ ਕਬਜ਼ਾ ਕੀਤਾ ਸੀ। ਗੀਤ ਆਖਦਾ ਹੈ ਕਿ **ਸੀਹੋਨ** ਨੇ **ਮੋਆਬ** ਨੂੰ ਜਿੱਤਿਆ ਸੀ, ਪਰ ਇਸਰਾਏਲ ਨੇ **ਹਸ਼ਬੋਨ** ਲੈ ਲਿਆ ਸੀ ਅਤੇ ਦੇਸ ਨੂੰ **ਉਜਾੜ ਦਿੱਤਾ।** ਇਹ ਇਲਾਕਾ, ਗੀਤ ਦਾ ਅਰਥ ਹੈ, ਹੁਣ ਇਸਰਾਏਲ ਦਾ ਸੀ। 27 ਤੋਂ 29 ਆਇਤਾਂ ਦਾ ਇਕ ਗੀਤ ਵਿੱਚੋਂ ਹਵਾਲਾ ਦਿੱਤਾ ਜਾ ਸਕਦਾ ਹੈ ਜੋ **ਅਮੋਰੀਆਂ** ਦੁਆਰਾ ਮੋਆਬ ਉੱਤੇ ਉਨ੍ਹਾਂ ਦੀ ਜਿੱਤ ਦੇ ਜਸ਼ਨ ਵਿਚ ਲਿਖਿਆ ਗਿਆ ਸੀ। **ਕਮੋਸ਼** ਮੋਆਬੀਆਂ ਦਾ ਮੁੱਖ ਦੇਵਤਾ ਸੀ, ਪਰ ਉਹ ਆਪਣੇ ਲੋਕਾਂ ਨੂੰ ਬਚਾਉਣ ਵਿਚ ਸ਼ਕਤੀਹੀਣ ਰਿਹਾ ਸੀ: **ਉਸ ਦੇ ਪੁੱਤ੍ਰ ਭਗੌੜਿਆਂ ਵਾਂਙੂ** ਸਨ ਅਤੇ **ਉਸ ਦੀਆਂ ਧੀਆਂ ਅਮੋਰੀਆਂ ਦੇ ਰਾਜੇ ਦੇ ਬੰਧਣ ਵਿੱਚ** ਸਨ। ਆਖ਼ਰੀ ਸਤਰਾਂ ਸ਼ਾਇਦ ਇਸਰਾਏਲੀਆਂ ਦੁਆਰਾ ਅਮੋਰੀਆਂ ਉੱਤੇ ਉਨ੍ਹਾਂ ਦੀ ਜਿੱਤ ਦੀ ਖੁਸ਼ੀ ਨੂੰ ਪਰਗਟ ਕਰਨ ਦੇ ਲਈ ਜੋੜੀਆਂ ਗਈਆਂ ਹੋਣਗੀਆਂ।

ਮੋਆਬ ਉੱਤੇ ਜਿੱਤ ਨੂੰ ਮੋਆਬ ਦੇ ਦੇਵਤਾ ਕਮੋਸ਼ ਉੱਤੇ ਜਿੱਤ ਦੇ ਰੂਪ ਵਚ ਦੱਸਿਆ ਗਿਆ ਹੈ।

ਪ੍ਰਾਚੀਨ ਮਸੋਪੋਤਾਮੀਆ ਵਿਚ, ਜਦੋਂ ਇਕ ਕੌਮ ਦੇ ਲੋਕ ਦੂਜੀ ਕੌਮ ਉੱਤੇ ਜਿੱਤ ਪ੍ਰਾਪਤ ਕਰਦੇ ਸਨ, ਇਸ ਜਿੱਤ ਜਾਂ ਇਸ ਸਫ਼ਲਤਾ ਨੂੰ ਹਾਰਨ ਵਾਲਿਆਂ ਦੇ ਦੇਵਤੇ (ਦੇਵਤਿਆਂ) ਉੱਤੇ ਜਿੱਤਣ ਵਾਲਿਆਂ ਦੇ ਦੇਵਤੇ (ਦੇਵਤਿਆਂ) ਦੀ ਜਿੱਤ ਦੇ ਰੂਪ ਵਿਚ ਵੇਖਿਆ ਜਾਂਦਾ ਸੀ। ਦੇਵਤੇ ਨੂੰ ਤਦ ਹੀ ਸ਼ਕਤੀਸ਼ਾਲੀ ਸਮਝਿਆ ਜਾਂਦਾ ਸੀ ਜੇਕਰ ਉਸ ਉੱਤੇ ਵਿਸ਼ਵਾਸ ਕਰਨ ਵਾਲੇ ਯੁੱਧ ਜਾਂ ਲੜਾਈ ਵਿਚ ਦੂਜਿਆਂ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਸਨ।[9]

**ਆਇਤਾਂ 31, 32.** ਸੀਹੋਨ ਉੱਤੇ ਇਸਰਾਏਲ ਦੀ ਜਿੱਤ ਦੇ ਨਤੀਜੇ ਤੇ ਇਨ੍ਹਾਂ ਆਇਤਾਂ ਵਿਚ ਟਿੱਪਣੀ ਕੀਤੀ ਗਈ ਹੈ। ਇਸਰਾਏਲੀ **ਅਮੋਰੀਆਂ ਦੀ ਧਰਤੀ ਵਿੱਚ ਵੱਸੇ**, **ਯਾਜ਼ੇਰ** ਦੇ **ਪਿੰਡਾਂ ਨੂੰ ਕਾਬੂ ਕਰ ਲਿਆ** ਅਤੇ **ਉੱਥੋਂ ਦੇ ਅਮੋਰੀਆਂ ਨੂੰ** [ਜਿਹੜੇ ਉੱਥੇ ਰਹਿੰਦੇ ਸਨ] **ਕੱਢ ਦਿੱਤਾ**। ਇਹ ਆਇਤਾਂ ਆਸਵੰਦੀ ਦੀਆਂ ਹਨ, ਉਸ ਸਮੇਂ ਦੀ ਉਡੀਕ ਕਰਦੀਆਂ ਹਨ (ਜੋ ਕਿ ਭਵਿੱਖ ਵਿਚ ਜ਼ਿਆਦਾ ਦੂਰ ਨਹੀਂ ਹੈ) ਜਦੋਂ ਇਸਰਾਏਲੀ ਯਰਦਨ ਦੇ ਚੜ੍ਹਦੇ ਪਾਸੇ ਵਾਲੇ ਦੇਸ ਵਿਚ ਵੱਸਣਗੇ। ਪਹਿਲੀ ਵਾਰ, ਇਸਰਾਏਲ ਨੇ ਉਸ ਦੇਸ ਉੱਤੇ ਕਬਜ਼ਾ ਕਰਨਾ ਅਤੇ ਉਸ ਦੇਸ ਵਿਚ ਵੱਸਣਾ ਸ਼ੁਰੂ ਕੀਤਾ ਸੀ ਜੋ ਪਰਮੇਸ਼ੁਰ ਦੁਆਰਾ ਉਨ੍ਹਾਂ ਨੂੰ ਦਿੱਤਾ ਗਿਆ ਸੀ। ਉਹ ਦੇਸ ਜਿਸ ਦਾ ਵਾਅਦਾ ਅਬਰਾਹਾਮ ਨੂੰ ਦਿੱਤਾ ਗਿਆ ਸੀ ਪੂਰਾ ਹੋਣਾ ਸ਼ੁਰੂ ਹੋ ਗਿਆ ਸੀ!

## ਬਾਸ਼ਾਨ ਦੇ ਰਾਜਾ ਓਗ ਉੱਤੇ ਜਿੱਤ (21:33-35)

**33ਫੇਰ ਮੁੜ ਕੇ ਓਹ ਬਾਸ਼ਾਨ ਦੇ ਰਾਹ ਥਾਣੀ ਉਤਾਹਾਂ ਗਏ ਅਤੇ ਓਗ ਬਾਸ਼ਾਨ ਦਾ ਰਾਜਾ ਅਤੇ ਉਸ ਦੀ ਸਾਰੀ ਪਰਜਾ ਉਸ ਦੇ ਮਿਲਣ ਨੂੰ ਬਾਹਰ ਆਈ ਅਤੇ ਅਦਰਈ ਉੱਤੇ ਉਨ੍ਹਾਂ ਦੇ ਨਾਲ ਲੜੇ। 34ਪਰ ਯਹੋਵਾਹ ਨੇ ਮੂਸਾ ਨੂੰ ਆਖਿਆ, ਉਸ ਤੋਂ ਨਾ ਡਰ ਕਿਉਂ ਜੋ ਮੈਂ ਉਸ ਨੂੰ ਅਤੇ ਉਸ ਦੀ ਸਾਰੀ ਰਈਅਤ ਨੂੰ ਅਤੇ ਉਸ ਦੀ ਧਰਤੀ ਨੂੰ ਤੇਰੇ ਹੱਥ ਵਿੱਚ ਦੇ ਦਿੱਤਾ ਹੈ। ਤੂੰ ਉਸ ਦੇ ਨਾਲ ਇਉਂ ਕਰੇਂਗਾ ਜਿਵੇਂ ਤੈਂ ਸੀਹੋਨ ਅਮੋਰੀਆਂ ਦੇ ਰਾਜੇ ਨਾਲ ਕੀਤਾ ਜੋ ਹਸ਼ਬੋਨ ਵਿੱਚ ਵੱਸਦਾ ਸੀ। 35ਉਨ੍ਹਾਂ ਨੇ ਉਸ ਨੂੰ ਅਤੇ ਉਸ ਦੇ ਪੁੱਤ੍ਰਾਂ ਨੂੰ ਅਤੇ ਉਸ ਦੀ ਸਾਰੀ ਰਈਅਤ ਨੂੰ ਇਉਂ ਮਾਰਿਆ ਕਿ ਉਨ੍ਹਾਂ ਦਾ ਕੱਖ ਵੀ ਨਾ ਰਿਹਾ ਅਤੇ ਉਨ੍ਹਾਂ ਨੇ ਉਸ ਦੀ ਧਰਤੀ ਉੱਤੇ ਵੀ ਕਬਜ਼ਾ ਕਰ ਲਿਆ।**

**ਆਇਤਾਂ 33-35.** ਇਹ ਅਧਿਆਇ ਇਕ ਹੋਰ ਰਾਜੇ ਉੱਤੇ ਇਸਰਾਏਲੀਆਂ ਦੀ ਜਿੱਤ ਦੇ ਛੋਟੇ ਵਿਰਤਾਂਤ ਨਾਲ ਖਤਮ ਹੁੰਦਾ ਹੈ: **ਓਗ ਬਾਸ਼ਾਨ ਦਾ ਰਾਜਾ** (ਵੇਖੋ ਬਿਵਸਥਾ ਸਾਰ 3:1-10)। ਇਸ ਦਿਓ ਕਦ ਰਾਜੇ ਨੂੰ ਬਹੁਤ ਹੀ ਵੱਡੇ, ਲੋਹੇ ਦੇ ਪਲੰਘ ਦੇ ਲਈ ਯਾਦ ਕੀਤਾ ਗਿਆ ਹੈ (ਬਿਵਸਥਾ ਸਾਰ 3:11)। ਉਸ ਦਾ ਇਲਾਕਾ ਸਪੱਸ਼ਟ ਤੌਰ ਤੇ ਦੱਖਣ ਵਿਚ ਯੱਬੋਕ ਤੋਂ ਲੈ ਕੇ ਉੱਤਰ ਵਿਚ ਹਰਮੋਨ ਦੇ ਪਰਬਤ ਤੀਕ ਫੈਲਿਆ ਹੋਇਆ ਸੀ (ਬਿਵਸਥਾ ਸਾਰ 3:8-10)। "ਬਾਸ਼ਾਨ" ਗਲੀਲ ਦੀ ਝੀਲ ਦੇ ਚੜ੍ਹਦੇ ਪਾਸੇ ਜੋ ਧਰਤੀ ਸੀ, ਇਕ ਉਪਜਾਊ ਇਲਾਕਾ ਸੀ ਅਤੇ ਇੱਜੜਾਂ ਅਤੇ ਪਸ਼ੂਆਂ ਦੇ ਲਈ ਚੰਗੀ ਚਾਰਗਾਹ ਸੀ (ਵੇਖੋ ਜ਼ਬੂਰ 22:12; ਹਿਜ਼ਕੀਏਲ 39:18; ਆਮੋਸ 4:1)।

ਜਦੋਂ ਇਸਰਾਏਲੀ ਉਸ ਦੇ ਇਲਾਕੇ ਵਿਚ ਦਾਖਲ ਹੋਏ, ਓਗ ਨੇ **ਅਦਰਈ ਉੱਤੇ** ਉਨ੍ਹਾਂ ਤੇ ਹਮਲਾ ਕੀਤਾ ਜੋ ਕਿ ਯਰਮੁਕ ਨਦੀ ਉੱਤੇ ਉਸ ਦੀਆਂ ਰਾਜਧਾਨੀਆਂ ਵਿੱਚੋਂ ਇੱਕ ਸੀ (ਬਿਵਸਥਾ ਸਾਰ 1:4)। ਪਰਮੇਸ਼ੁਰ ਵੱਲੋਂ ਮੂਸਾ ਦੇ ਉਤਸ਼ਾਹਿਤ ਹੋਣ ਮਗਰੋਂ, ਇਸਰਾਏਲੀ ਓਗ ਦੇ ਵਿਰੁੱਧ ਬਾਹਰ ਆਏ ਅਤੇ **ਉਸ ਨੂੰ ਅਤੇ ਉਸ ਦੇ ਪੁੱਤ੍ਰਾਂ ਨੂੰ ਅਤੇ ਉਸ ਦੀ ਸਾਰੀ ਰਈਅਤ ਨੂੰ ਮਾਰਿਆ** ਅਤੇ **ਉਸ ਦੀ ਧਰਤੀ ਉੱਤੇ ਵੀ ਕਬਜ਼ਾ ਕਰ ਲਿਆ**। ਸਿਰਫ ਥੋੜ੍ਹੇ ਜਿਹੇ ਸਮੇਂ ਵਿਚ ਹੀ, ਇਸਰਾਏਲ ਨੇ ਨਾ ਸਿਰਫ **ਸੀਹੋਨ** ਅਤੇ **ਅਮੋਰੀਆਂ** ਦੇ ਇਲਾਕੇ ਨੂੰ ਜਿੱਤ ਲਿਆ, ਪਰ ਬਾਸ਼ਾਨ ਦੀ ਧਰਤੀ ਨੂੰ ਵੀ। ਇਹ ਇਲਾਕਾ ਇਸਰਾਏਲ ਦਾ ਹਿੱਸਾ ਬਣ ਜਾਵੇਗਾ ਅਤੇ ਮਨੱਸ਼ਹ ਦੀ ਅੰਸ ਉੱਥੇ ਵੱਸੇਗੀ (32:39-

42; ਬਿਵਸਥਾ ਸਾਰ 3:13)।

ਗਿਣਤੀ 21 ਵਿਚ ਇਸਰਾਏਲ ਦੀਆਂ ਤਿੰਨ ਜਿੱਤਾਂ ਪਰਮੇਸ਼ੁਰ ਦੀ ਪਰਜਾ ਬਾਰੇ ਤਿੰਨ ਤੱਥਾਂ ਨੂੰ ਪਰਗਟ ਕਰਦੀਆਂ ਹਨ:

1. ਇਸਰਾਏਲੀ ਸਿਰਫ ਉਨ੍ਹਾਂ ਕੌਮਾਂ ਦੇ ਵਿਰੁੱਧ ਲੜੇ ਜਿਨ੍ਹਾਂ ਨੇ ਪਹਿਲਾਂ ਉਨ੍ਹਾਂ ਤੇ ਹਮਲਾ ਕੀਤਾ ਸੀ।
2. ਜਦੋਂ ਇਸਰਾਏਲੀ ਕਿਸੇ ਹੋਰ ਕੌਮ ਨਾਲ ਲੜੇ, ਉਨ੍ਹਾਂ ਦਾ ਨਿਸ਼ਾਨਾ ਉਨ੍ਹਾਂ ਦੇ ਵੈਰੀਆਂ ਦਾ ਪੂਰਾ ਸਫ਼ਾਇਆ ਕਰਨਾ ਸੀ। ਆਖ਼ਰੀ ਦੋ ਲੜਾਈਆਂ ਜਿਨ੍ਹਾਂ ਬਾਰੇ ਇਸ ਅਧਿਆਇ ਵਿਚ ਦੱਸਿਆ ਗਿਆ ਹੈ, ਜਿੱਤ ਦਾ ਅਰਥ ਉਨ੍ਹਾਂ ਦੇਸਾਂ ਨੂੰ ਕਬਜ਼ੇ ਵਿਚ ਲੈਣਾ ਵੀ ਸੀ ਜਿਨ੍ਹਾਂ ਨੂੰ ਉਨ੍ਹਾਂ ਨੇ ਜਿੱਤਿਆ ਸੀ।
3. ਇਸਰਾਏਲ ਦੀਆਂ ਜਿੱਤਾਂ ਪਰਮੇਸ਼ੁਰ ਦੀ ਬਰਕਤ ਅਤੇ ਪਰਮੇਸ਼ੁਰ ਦੀ ਸ਼ਕਤੀ ਦੇ ਕਾਰਣ ਮਿਲੀਆਂ ਸਨ (ਵੇਖੋ 21:3, 34)।

ਸੀਹੋਨ ਅਤੇ ਓਗ ਉੱਤੇ ਇਸਰਾਏਲ ਦੀਆਂ ਜਿੱਤਾਂ ਦਾ ਨਤੀਜਾ ਇਹ ਸੀ ਕਿ ਹੋਰ ਕੌਮਾਂ ਨੇ ਜਦੋਂ ਲੜਾਈ ਵਿਚ ਇਸਰਾਏਲ ਦੀ ਸਫ਼ਲਤਾ ਬਾਰੇ ਸੁਣਿਆ ਤਾਂ ਉਨ੍ਹਾਂ ਵਿਚ ਡਰ ਪੈਦਾ ਹੋ ਗਿਆ। ਜਦੋਂ ਮੋਆਬ ਦੇ ਰਾਜਾ ਬਾਲਾਕ ਨੇ “ਸਭ ਕੁਝ ਵੇਖਿਆ ਜਿਹੜਾ ਇਸਰਾਏਲੀਆਂ ਨੇ ਅਮੋਰੀਆਂ ਨਾਲ ਕੀਤਾ,” ਤਾਂ “ਮੋਆਬ ਉਸ ਪਰਜਾ ਦੇ ਅੱਗੋਂ ਡਾਢਾ ਡਰਿਆ” (22:2, 3)। ਬਾਅਦ ਵਿਚ, ਜਦੋਂ ਇਸਰਾਏਲੀ ਕਨਾਨ ਵਿਚ ਜਾਣ ਦੇ ਲਈ ਯਰਦਨ ਨਦੀ ਨੂੰ ਪਾਰ ਕਰਨ ਦੀ ਤਿਆਰੀ ਕਰ ਰਹੇ ਸਨ, ਯਹੋਸ਼ੁਆ ਨੇ ਦੋ ਖੋਜ ਕੱਢਣ ਵਾਲਿਆਂ ਨੂੰ ਘੱਲਿਆ। ਇਨ੍ਹਾਂ ਖੋਜ ਕੱਢਣ ਵਾਲਿਆਂ ਨੂੰ ਰਾਹਾਬ ਨੇ ਆਖਿਆ:

> ਮੈਂ ਤਾਂ ਜਾਣਦੀ ਹਾਂ ਕਿ ਯਹੋਵਾਹ ਨੇ ਏਹ ਦੇਸ ਤੁਹਾਨੂੰ ਦੇ ਦਿੱਤਾ ਹੈ ਅਤੇ ਤੁਹਾਡਾ ਭੈ ਅਸਾਂ ਲੋਕਾਂ ਉੱਤੇ ਆ ਪਿਆ ਹੈ ਅਤੇ ਏਸ ਦੇਸ ਦੇ ਸਾਰੇ ਵਸਨੀਕ ਤੁਹਾਡੇ ਅੱਗੋਂ ਢਲੇ ਜਾਂਦੇ ਹਨ। ਕਿਉਂ ਜੋ ਅਸਾਂ ਸੁਣਿਆ ਹੈ ਕਿ ਜਿਸ ਵੇਲੇ ਤੁਸੀਂ ਮਿਸਰ ਵਿੱਚੋਂ ਨਿੱਕਲੇ ਤਾਂ ਯਹੋਵਾਹ ਨੇ ਤੁਹਾਡੇ ਅੱਗੋਂ ਲਾਲ ਸਮੁੰਦਰ ਦੇ ਪਾਣੀ ਨੂੰ ਕਿਵੇਂ ਸੁਕਾ ਦਿੱਤਾ ਅਤੇ ਤੁਸਾਂ ਅਮੋਰੀਆਂ ਦੇ ਦੋਹਾਂ ਰਾਜਿਆਂ ਨਾਲ ਅਰਥਾਤ ਸਿਹੋਨ ਅਤੇ ਓਗ ਨਾਲ ਜਿਹੜੇ ਯਰਦਨ ਦੇ ਉਸ ਪਾਸੇ ਸਨ ਕਿਵੇਂ ਕੀਤਾ ਜਿਨ੍ਹਾਂ ਦਾ ਤੁਸਾਂ ਮੂਲੋਂ ਮੁੱਢੋਂ ਨਾਸ ਕਰ ਸੁੱਟਿਆ। ਅਤੇ ਜਦ ਅਸਾਂ ਸੁਣਿਆ ਤਾਂ ਸਾਡੇ ਮਨ ਪਾਣੀਓਂ ਪਾਣੀ ਹੋ ਗਏ ਅਤੇ ਤੁਹਾਡੇ ਕਾਰਨ ਕਿਸੇ ਮਨੁੱਖ ਵਿੱਚ ਹਿੰਮਤ ਨਹੀਂ ਰਹੀ ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ੁਰ ਉੱਪਰਲੇ ਸੁਰਗ ਵਿੱਚ ਅਤੇ ਹੇਠਲੀ ਧਰਤੀ ਉੱਤੇ ਉਹੋ ਪਰਮੇਸ਼ੁਰ ਹੈ (ਯਹੋਸ਼ੁਆ 2:9-11)।

ਸੀਹੋਨ ਅਤੇ ਓਗ ਉੱਤੇ ਜਿੱਤਾਂ ਨਾਲ ਜੁੜੀ ਮਹੱਤਤਾ ਦਾ ਸੰਕੇਤ ਇਸ ਤੱਥ ਤੋਂ ਹੀ ਮਿਲ ਜਾਂਦਾ ਹੈ ਕਿ “ਸੀਹੋਨ” ਨਾਮ ਗਿਣਤੀ ਦੀ ਪੁਸਤਕ ਤੋਂ ਇਲਾਵਾ ਪੁਰਾਣੇ ਨੇਮ ਵਿਚ ਅਠਾਈ ਵਾਰ ਮਿਲਦਾ ਹੈ (ਉਦਾਹਰਣ ਦੇ ਲਈ, ਵੇਖੋ ਬਿਵਸਥਾ ਸਾਰ 2:24, 26, 30, 31, 32; ਨਿਆਈਆਂ 11:19-21; ਨਹਮਯਾਹ 9:22; ਜ਼ਬੂਰਾਂ 135:11; 136:19)।

ਉਨ੍ਹਾਂ ਦੀਆਂ ਜਿੱਤਾਂ ਨੇ ਨਾ ਸਿਰਫ ਡਰ ਪੈਦਾ ਕੀਤਾ, ਪਰ ਗੈਰ-ਇਸਰਾਏਲੀਆਂ ਦੇ ਲਈ ਸੱਚੇ ਪਰਮੇਸ਼ੁਰ ਦੀ ਸ਼ਕਤੀ ਵਿਚ ਵਿਸ਼ਵਾਸ ਕਰਨ ਦਾ ਕਾਰਣ ਵੀ ਬਣੀਆਂ। ਯਰਦਨ ਦੇ ਚੜ੍ਹਦੇ ਪਾਸੇ ਇਸਰਾਏਲ ਦੀਆਂ ਜਿੱਤਾਂ ਨੇ ਉਸ ਦੀ ਵੀ ਇਕ ਝਲਕ ਦਿੱਤੀ ਸੀ ਜੋ ਹਾਲੇ ਆਉਣ ਵਾਲਾ ਸੀ: ਯਰਦਨ ਦੇ ਪੱਛਮ ਵੱਲ ਦੇਸ ਦੀ ਜਿੱਤ, ਜਿਵੇਂ ਕਿ ਯਹੋਸ਼ੁਆ ਦੀ ਪੁਸਤਕ ਵਿਚ ਦੱਸਿਆ ਗਿਆ ਹੈ।

# ਪ੍ਰਾਸੰਗਿਕਤਾ

**ਅਖੀਰ ਵਿਚ ਜਿੱਤ! (ਅਧਿਆਇ 21)**

ਅਧਿਆਇ 20 ਵਿਚ ਜਦੋਂ ਇਸਰਾਏਲੀਆਂ ਨੇ ਵਾਅਦੇ ਦੀ ਧਰਤੀ ਵੱਲ ਨੂੰ ਆਪਣੇ ਸਫ਼ਰ ਦੀ ਮੁੜ ਸ਼ੁਰੂਆਤ ਕੀਤੀ ਸੀ, ਕੌਮ ਨੇ ਕਈ ਨਿਰਾਸ਼ਾਜਨਕ, ਅਪਮਾਨਜਨਕ ਅਨੁਭਵ ਕੀਤੇ - ਭੀੜ ਦਾ ਪਾਪ ਜਦੋਂ ਉਹ ਪਾਣੀ ਦੀ ਘਾਟ ਬਾਰੇ ਬੁੜ ਬੁੜਾਈ, ਇਸਰਾਏਲ ਦੇ ਤਿੰਨ ਆਗੂਆਂ ਵਿੱਚੋਂ ਦੋ ਦੀਆਂ ਮੌਤਾਂ ਅਤੇ ਤੀਜੇ ਦਾ ਪਾਪ ਅਤੇ ਕਨਾਨ ਨੂੰ ਜਾਂਦਿਆਂ ਅਦੋਮ ਦੇ ਦੇਸ ਵਿੱਚੋਂ ਦੀ ਲੰਘਣ ਦੇ ਲਈ ਇਸਰਾਏਲ ਨੂੰ ਇਜਾਜ਼ਤ ਦੇਣ ਤੋਂ ਅਦੋਮ ਦਾ ਇਨਕਾਰ।

ਦੋ ਚਮਕਦਾਰ ਥਾਵਾਂ ਨੇ ਉਦਾਸੀ ਤੋਂ ਰਾਹਤ ਦਿੱਤੀ: ਪਰਮੇਸ਼ੁਰ ਨੇ ਭੀੜ ਨੂੰ ਪਾਣੀ ਦਿੱਤਾ, ਇਹ ਵਿਖਾਉਂਦੇ ਹੋਏ ਕਿ ਪਰਮੇਸ਼ੁਰ ਹਾਲੇ ਵੀ ਆਪਣੀ ਪਰਜਾ ਬਾਰੇ ਚਿੰਤਤ ਸੀ ਅਤੇ ਹਾਰੂਨ ਦੀ ਥਾਂ ਅਲਆਜ਼ਾਰ ਨੂੰ ਪਰਧਾਨ ਜਾਜਕ ਨਿਯੁਕਤ ਕੀਤਾ ਗਿਆ ਸੀ ਜੋ ਲੋਕਾਂ ਨੂੰ ਇਸ ਗੱਲ ਦਾ ਭਰੋਸਾ ਦਿੰਦਾ ਸੀ ਕਿ ਜਾਜਕਾਈ ਨਿਰੰਤਰ ਬਣੀ ਰਹੇਗੀ।

ਫਿਰ ਵੀ, ਇਹ ਸੰਭਵ ਹੈ ਕਿ ਇਸਰਾਏਲੀ ਉਦਾਸ ਸਨ। ਉਹ ਪਰਮੇਸ਼ੁਰ ਦੀ ਫੌਜ ਸਨ। ਕੀ ਉਹ ਕਦੇ ਲੜਾਈ ਕਰਨਗੇ? ਕੀ ਉਹ ਕਦੇ ਜਿੱਤ ਹਾਸਲ ਕਰਨਗੇ? ਅਧਿਆਇ 21 ਵਿਚ, ਅਸੀਂ ਵੇਖਦੇ ਹਾਂ ਕਿ ਉਨ੍ਹਾਂ ਨੇ ਆਖ਼ਰਕਾਰ ਇਕ ਲੜਾਈ ਜਿੱਤੀ - ਲਗਭਗ ਚਾਲੀ ਵਰਹੇ ਪਹਿਲਾਂ ਅਮਾਲੇਕੀਆਂ ਹੱਥੋਂ ਉਨ੍ਹਾਂ ਦੀ ਹਾਰ ਤੋਂ ਬਾਅਦ ਇਹ ਪਹਿਲੀ ਜਿੱਤ ਸੀ (ਕੂਚ 17:8-16)। ਦਰਅਸਲ, ਇਹ ਅਧਿਆਇ ਕਈ ਜਿੱਤਾਂ ਬਾਰੇ ਦੱਸਦਾ ਹੈ ਜੋ ਇਸਰਾਏਲੀਆਂ ਨੇ ਹਾਸਲ ਕੀਤੀਆਂ ਸਨ। ਉਨ੍ਹਾਂ ਦੀਆਂ ਜਿੱਤਾਂ ਵਿਚ ਸਾਨੂੰ ਦਿਲਚਸਪੀ ਲੈਣੀ ਚਾਹੀਦੀ ਹੈ, ਕਿਉਂਕਿ ਅਸੀਂ ਆਪਣੀਆਂ ਆਤਮਿਕ ਲੜਾਈਆਂ ਵਿਚ ਜਿੱਤਣ ਦੀ ਉਮੀਦ ਕਰਦੇ ਹਾਂ। ਇਸਰਾਏਲ ਦੀਆਂ ਜਿੱਤਾਂ ਵਿਚ, ਅਸੀਂ ਸੱਚਾਈਆਂ ਨੂੰ ਵੇਖਦੇ ਹਾਂ ਜੋ ਉਨ੍ਹਾਂ ਜਿੱਤਾਂ ਤੇ ਲਾਗੂ ਹੁੰਦੀਆਂ ਹਨ ਜਿਨ੍ਹਾਂ ਦਾ ਅੱਜ ਅਸੀਂ ਪਰਮੇਸ਼ੁਰ ਦੀ ਪਰਜਾ ਹੋਣ ਦੇ ਨਾਤੇ ਅਨੁਭਵ ਕਰਦੇ ਹਾਂ। ਜਦੋਂ ਅਸੀਂ ਇਸਰਾਏਲ ਦੀਆਂ ਜਿੱਤਾਂ ਤੇ ਵਿਚਾਰ ਕਰਦੇ ਹਾਂ, ਆਓ ਅਸੀਂ ਉਨ੍ਹਾਂ ਦੀ ਤੁਲਨਾ ਉਨ੍ਹਾਂ ਜਿੱਤਾਂ ਨਾਲ ਕਰੀਏ ਜਿਨ੍ਹਾਂ ਨੂੰ ਅਸੀਂ ਲੋਚਦੇ ਸੀ।

*ਇਸਰਾਏਲੀਆਂ ਦੀਆਂ ਜਿੱਤਾਂ।* ਪਹਿਲੀ, ਇਸਰਾਏਲੀਆਂ ਨੇ ਹਾਰਮਾਹ ਵਿਚ ਕਨਾਨੀਆਂ ਉੱਤੇ ਜਿੱਤ ਪ੍ਰਾਪਤ ਕੀਤੀ ਸੀ (21:1-3)। ਇਸਰਾਏਲੀਆਂ ਨੇ ਪਹਿਲਾਂ ਹਾਰਮਾਹ ਦੀ ਲੜਾਈ ਵਿਚ ਕਨਾਨੀਆਂ ਦਾ ਸਾਹਮਣਾ ਕੀਤਾ ਸੀ ਜਦੋਂ ਉਨ੍ਹਾਂ ਨੇ ਪਰਮੇਸ਼ੁਰ ਦੀ ਸਹਾਇਤਾ ਤੋਂ ਬਿਨ੍ਹਾਂ ਦੇਸ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਬਾਰਾਂ ਖੋਜ ਕੱਢਣ ਵਾਲਿਆਂ ਦੀ ਰਪੋਟਾਂ ਦੇ ਪ੍ਰਤੀ ਉਨ੍ਹਾਂ ਦੀ ਪ੍ਰਤੀਕਿਰਿਆ ਦੇ ਲਈ ਦੋਸ਼ੀ ਠਹਿਰਾਇਆ ਗਿਆ ਸੀ (ਅਧਿਆਇ 14)। ਉਸ ਪਿਛਲੇ ਮੌਕੇ ਤੇ, ਕਨਾਨੀਆਂ ਨੇ ਅਮਾਲੇਕੀਆਂ ਦੇ ਨਾਲ ਮਿਲ ਕੇ "[ਇਸਰਾਏਲੀਆਂ] ਨੂੰ ਮਾਰਿਆ ਅਤੇ ਉਨ੍ਹਾਂ ਨੂੰ ਹਾਰਮਾਹ ਤੀਕ ਵੱਢਦੇ ਗਏ" (14:45)।

ਲਗਭਗ ਚਾਲੀ ਸਾਲ ਬਾਅਦ, ਪਰਮੇਸ਼ੁਰ ਦੀ ਸਹਾਇਤਾ ਨਾਲ, ਇਸਰਾਏਲੀਆਂ ਨੇ ਕਨਾਨੀਆਂ ਨੂੰ ਹਰਾਉਣ ਅਤੇ ਉਨ੍ਹਾਂ ਦੇ ਸ਼ਹਿਰਾਂ ਦਾ ਸੱਤਿਆਨਾਸ ਕਰਨ ਦੇ ਦੁਆਰਾ ਅਰਾਦ ਦੇ ਰਾਜਾ ਦੇ ਹਮਲੇ ਦਾ ਜਵਾਬ ਦਿੱਤਾ ਸੀ। ਉਨ੍ਹਾਂ ਨੇ ਆਪਣੇ ਉਨ੍ਹਾਂ ਵੈਰੀਆਂ ਉੱਤੇ ਜਿੱਤ ਪ੍ਰਾਪਤ ਕਰਨ ਦੁਆਰਾ ਉਤਸ਼ਾਹਿਤ ਮਹਿਸੂਸ ਕੀਤਾ ਹੋਵੇਗਾ ਜਿਨ੍ਹਾਂ ਨੇ ਪਹਿਲਾਂ ਉਨ੍ਹਾਂ ਨੂੰ ਹਰਾ ਦਿੱਤਾ ਸੀ। ਸ਼ਾਇਦ ਉਨ੍ਹਾਂ ਨੇ ਇਹ ਸਬਕ ਸਿੱਖ ਲਿਆ ਸੀ ਕਿ ਸਫ਼ਲਤਾ ਸਿਰਫ ਪਰਮੇਸ਼ੁਰ ਦੀ ਸਹਾਇਤਾ ਅਤੇ ਬਰਕਤ ਨਾਲ ਸੰਭਵ ਸੀ। ਉਹ ਇਸ ਮੌਕੇ ਤੇ ਇਸ ਲਈ ਜੇਤੂ ਹੋਏ ਸਨ ਕਿਉਂਕਿ ਪਰਮੇਸ਼ੁਰ ਨੇ "ਕਨਾਨੀਆਂ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ," ਨਾ ਕਿ ਉਹ ਉਨ੍ਹਾਂ ਦੀ ਆਪਣੀ ਬਹਾਦਰੀ ਦੇ ਕਾਰਣ ਜੇਤੂ ਹੋਏ ਸਨ।

ਦੂਜੀ, ਇਸਰਾਏਲੀਆਂ ਨੇ, ਇਕ ਭਾਵ ਵਿਚ, ਮੌਤ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਗਿਣਤੀ 21:4-9 ਪਹਿਲਾਂ ਦੱਸਦੀਆਂ ਹਨ ਕਿ ਕਿਵੇਂ ਇਸਰਾਏਲੀਆਂ ਨੇ, ਹੋਰ ਨਾਮੀ ਪਰਬਤ ਅਤੇ ਅਦੋਮ ਦੇਸ ਦੇ ਦੁਆਲਿਓਂ ਦੀ ਕੂਚ ਕਰਕੇ, ਆਪਣੇ ਸਫ਼ਰ ਨੂੰ ਅੱਗੇ ਜਾਰੀ ਰੱਖਿਆ ਸੀ (21:4)। ਫਿਰ ਇਹ ਦੱਸਦੀਆਂ ਹਨ ਕਿ ਕਿਵੇਂ ਪਰਜਾ "ਹੁੱਸ ਗਈ" ਅਤੇ "ਯਹੋਵਾਹ ਦੇ ਅਤੇ ਮੂਸਾ ਦੇ ਵਿਰੁੱਧ ਬੋਲੀ," ਇਹ ਕਹਿੰਦੇ ਹੋਏ ਕਿ "ਤੁਸੀਂ ਕਿਉਂ ਸਾਨੂੰ ਮਿਸਰ ਤੋਂ ਉਤਾਹਾਂ ਲੈ ਆਏ ਤਾਂ ਜੋ ਅਸੀਂ ਉਜਾੜ ਵਿੱਚ ਮਰੀਏ? ਐੱਥੇ ਨਾ ਰੋਟੀ ਹੈ, ਨਾ ਪਾਣੀ ਹੈ। ਸਾਡੀਆਂ ਜਾਨਾਂ ਏਸ ਨਿਕੰਮੀ ਰੋਟੀ ਤੋਂ ਅੱਕ ਗਈਆਂ ਹਨ!" (21:4, 5)। ਸਿੱਟੇ ਵਜੋਂ, ਪਰਮੇਸ਼ੁਰ ਨੇ ਪਰਜਾ ਨੂੰ ਡੱਸਣ ਦੇ ਲਈ ਸੱਪਾਂ ਨੂੰ ਭੇਜ ਕੇ ਲੋਕਾਂ ਨੂੰ ਸਜ਼ਾ ਦਿੱਤੀ ਸੀ (21:6)। ਜਦੋਂ ਪਰਜਾ ਨੇ ਮਦਦ ਦੇ ਲਈ ਦੁਹਾਈ ਦਿੱਤੀ, ਮੂਸਾ ਨੇ ਉਨ੍ਹਾਂ ਦੇ ਲਈ ਬੇਨਤੀ ਕੀਤੀ ਅਤੇ ਪਰਮੇਸ਼ੁਰ ਨੇ ਜਿਹੜੇ ਸੱਪ ਦੇ ਡੱਸੇ ਹੋਏ ਸਨ ਉਨ੍ਹਾਂ ਦੇ ਚੰਗੇ ਹੋਣ ਦੇ ਲਈ ਇਕ ਤਰੀਕਾ ਦੱਸਿਆ। ਉਸ ਨੇ ਪਿੱਤਲ ਦੇ ਸੱਪ ਨੂੰ ਇਕ ਡੰਡੇ ਉੱਤੇ ਰੱਖਣ ਦਾ ਹੁਕਮ ਦਿੱਤਾ ਅਤੇ ਜਿਹੜੇ ਉਸ ਪਿੱਤਲ ਦੇ ਸੱਪ ਵੱਲ ਨਿਗਾਹ ਕਰਦੇ ਸਨ ਜੀਉਂਦੇ ਸਨ (21:7-9)।

ਇਹ ਘਟਨਾ ਖਾਸ ਤੌਰ ਤੇ ਉਤਸ਼ਾਹ ਦੇਣ ਵਾਲੀ ਨਹੀਂ ਜਾਪਦੀ; ਇਹ ਜਿੱਤ ਨਾਲੋਂ ਵੱਧ ਕੇ ਹਾਰ ਵਾਲੀ ਜਾਪਦੀ ਹੈ। ਪਰ, ਇਹ ਤੱਥ ਕਿ ਪਰਮੇਸ਼ੁਰ ਨੇ ਲੋਕਾਂ ਨੂੰ ਮੌਤ ਤੋਂ ਬਚਣ ਦੇ ਲਈ ਵਸੀਲੇ ਦਿੱਤੇ ਇਕ ਖੁਸ਼ਖ਼ਬਰੀ ਸੀ। ਉਨ੍ਹਾਂ ਨੂੰ ਉਹ ਨਹੀਂ ਮਿਲਿਆ ਜਿਸ ਦੇ ਉਹ ਹੱਕਦਾਰ ਸਨ, ਪਰ ਉਸ ਨਾਲੋਂ ਵੀ ਕੁਝ ਬਿਹਤਰ। ਪਰਮੇਸ਼ੁਰ ਦੀ ਮਾਫ਼ੀ ਜੋ ਉਸ ਦੀ ਕਿਰਪਾ ਦੇ ਰਾਹੀਂ ਦਿੱਤੀ ਗਈ ਸੀ, ਉਸ ਨੇ ਉਨ੍ਹਾਂ ਨੂੰ ਮੌਤ ਉੱਤੇ ਜਿੱਤ ਦਿੱਤੀ। ਜਦ ਕਿ ਇਸ ਘਟਨਾ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਿਰੁੱਧ ਬੋਲਣ ਦੇ ਸਬਕ ਸਿਖਾਏ ਹੋਣਗੇ, ਇਹ ਪਰਮੇਸ਼ੁਰ ਦੀ ਪਾਪੀ ਪਰਜਾ ਦੇ ਪ੍ਰਤੀ ਪਰਮੇਸ਼ੁਰ ਦੀ ਕਿਰਪਾ ਨੂੰ ਵੀ ਵਿਖਾਉਂਦੀ ਸੀ।

ਤੀਜੀ, ਗਿਣਤੀ 21 ਅਧਿਆਇ ਉਜਾੜ ਵਿਚ ਹੋਰ ਪਰਬਤ ਤੋਂ ਲੈ ਕੇ ਮੋਆਬ ਤੀਕ ਇਸਰਾਏਲ ਦੇ ਸਫ਼ਲ ਸਫ਼ਰ ਬਾਰੇ ਦੱਸਦਾ ਹੈ। ਉਨ੍ਹਾਂ ਨੇ ਓਬੋਥ ਤੋਂ ਈਯੇਅਬਾਰੀਮ ਤੋਂ ਜ਼ਰਦ ਦੀ ਵਾਦੀ ਅਤੇ ਫਿਰ ਮੋਆਬ ਦੇ ਪਾਰ ਗਏ। ਫਿਰ ਉਹ ਅਮੋਰੀਆਂ ਦੇ ਇਲਾਕੇ ਅਰਨੋਨ ਦੇ ਪਾਰ ਗਏ। ਉੱਥੋਂ, ਉਹ ਬਏਰ ਨੂੰ, ਮੱਤਾਨਾਹ ਨੂੰ, ਨਹਲੀਏਲ ਨੂੰ ਅਤੇ ਬਾਮੋਥ ਨੂੰ ਗਏ। ਸਫ਼ਰ ਦਾ ਇਹ ਹਿੱਸਾ "ਪਿਸਗਾਹ ਦੀ ਟੀਸੀ ਨੂੰ ਜਿਹੜੀ ਥਲ ਉੱਤੇ ਪਲਮੀ ਹੋਈ ਹੈ" ਖਤਮ ਹੋਇਆ (21:10-20)। ਬਏਰ ਵਿਚ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਫੇਰ ਪਾਣੀ ਦਿੱਤਾ, ਪਰਤੱਖ ਰੂਪ ਵਿਚ ਮੂਸਾ ਨੂੰ ਇਕ ਖੂਹ ਪੁੱਟਣ ਦੀ ਹਦਾਇਤ ਦਿੱਤੀ। ਲੋਕਾਂ ਨੇ ਇਸ ਮੌਕੇ ਦਾ ਜਸ਼ਨ ਇਕ ਗੀਤ ਨਾਲ ਮਨਾਇਆ ਸੀ (21:16-18)।

ਇਸ ਸਫ਼ਰ ਨੂੰ ਇਕ "ਜਿੱਤ" ਕਿਵੇਂ ਕਿਹਾ ਜਾ ਸਕਦਾ ਹੈ? ਕਿਉਂਕਿ ਮਿਸਰ ਅਤੇ ਕਨਾਨ ਵਿਚਕਾਰ ਸਫ਼ਰ ਦੇ ਬਹੁਤ ਸਾਰੇ ਹਿੱਸੇ ਅਜਿਹੇ ਨਹੀਂ ਸਨ ਜਿਹੜੇ ਕਿਸੇ ਘਟਨਾ ਦੁਆਰਾ ਭੰਗ ਨਹੀਂ ਸੀ ਹੋਏ। ਇਹ ਸਫ਼ਰ ਬਿਨ੍ਹਾਂ ਕਿਸੇ ਮੁਸ਼ਕਲਾਂ ਦੇ ਗੁਜਰਿਆ ਸੀ। ਇਕ ਵਾਰ ਫੇਰ, ਇਸਰਾਏਲ ਦੀ ਸਫ਼ਲਤਾ ਪਰਮੇਸ਼ੁਰ ਦੇ ਪ੍ਰਬੰਧ ਦੇ ਰਾਹੀਂ ਆਈ ਸੀ। ਜੇਕਰ ਉਸ ਨੇ ਲੋਕਾਂ ਨੂੰ ਪਾਣੀ ਨਾ ਦਿੱਤਾ ਹੁੰਦਾ, ਤਾਂ ਇਹ ਉਨ੍ਹਾਂ ਮੌਕਿਆਂ ਵਿੱਚੋਂ ਇਕ ਮੌਕੇ ਦਾ ਦੁਹਰਾਇਆ ਜਾਣਾ ਸੀ ਜਿਸ ਤੇ ਇਸਰਾਏਲੀ ਬੁੜ ਬੁੜਾਏ ਸਨ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ ਸੀ।

ਚੌਥੀ, ਇਸਰਾਏਲ ਨੇ ਅਮੋਰੀਆਂ ਦੇ ਰਾਜਾ ਸੀਹੋਨ ਉੱਤੇ ਵੱਡੀ ਫੌਜੀ ਜਿੱਤ ਹਾਸਲ ਕੀਤੀ ਸੀ। ਲੋਕਾਂ ਨੇ ਪਹਿਲਾਂ ਅਮੋਰੀਆਂ ਦੇ ਦੇਸ ਦੇ ਵਿੱਚੋਂ ਸ਼ਾਂਤੀਪੂਰਵਕ ਲੰਘਣ ਦੀ ਇਜਾਜ਼ਤ ਮੰਗੀ ਸੀ। ਉਨ੍ਹਾਂ ਨੇ ਸੀਹੋਨ ਨੂੰ ਇਕ ਸੁਨੇਹਾ ਭੇਜਿਆ, ਇਹ ਕਹਿੰਦੇ ਹੋਏ, "ਕਿ ਤੁਸੀਂ ਮੈਨੂੰ ਆਪਣੇ ਦੇਸ ਵਿੱਚ ਦੀ ਲੰਘ ਜਾਣ ਦਿਓ। ਅਸੀਂ ਖੇਤ ਅਥਵਾ ਦਾਖ ਦੀ ਬਾੜੀ ਵਿੱਚ ਨਹੀਂ ਵੜਾਂਗੇ, ਨਾ ਅਸੀਂ ਖੂਹ ਦਾ ਪਾਣੀ ਪੀਵਾਂਗੇ। ਅਸੀਂ ਪਾਤਸ਼ਾਹੀ ਸੜਕ ਥਾਣੀ ਚੱਲਾਂਗੇ ਜਦ ਤਕ ਤੁਹਾਡੀਆਂ ਹੱਦਾਂ ਤੋਂ ਪਾਰ ਨਾ

ਲੰਘ ਜਾਈਏ" (21:22)। ਪਰ, "ਸੀਹੋਨ ਨੇ ਇਸਰਾਏਲ ਨੂੰ ਆਪਣੀਆਂ ਹੱਦਾਂ ਦੇ ਵਿੱਚ ਦੀ ਨਾ ਲੰਘਣ ਦਿੱਤਾ," ਸਗੋਂ ਆਪਣੀ ਫੌਜ ਨੂੰ ਇਕੱਠਾ ਕੀਤਾ ਅਤੇ "ਯਹਸ ਨੂੰ ਗਿਆ ਅਤੇ ਇਸਰਾਏਲ ਨਾਲ ਲੜਿਆ" (21:23)। ਇਸਰਾਏਲ ਨੇ ਲੜਾਈ ਵਿਚ ਸੀਹੋਨ ਨੂੰ ਹਰਾ ਦਿੱਤਾ ਅਤੇ ਦੇਸ ਤੇ ਕਬਜ਼ਾ ਕਰ ਲਿਆ ਅਤੇ "ਹਸ਼ਬੋਨ ਵਿੱਚ ਅਮੋਰੀਆਂ ਦੇ ਸਾਰੇ ਸ਼ਹਿਰਾਂ ਅਤੇ ਉਸ ਦੇ ਸਾਰੇ ਪਿੰਡਾਂ ਵਿੱਚ ਵੱਸ ਗਿਆ" (21:24, 25)।[10] ਅਗਲੀ ਗੱਲ, ਇਸਰਾਏਲ ਨੇ ਯਾਜ਼ੇਰ ਦੀ ਧਰਤੀ ਉੱਤੇ ਜਿੱਤ ਪ੍ਰਾਪਤ ਕੀਤੀ ਅਤੇ "ਉਸ ਦੇ ਪਿੰਡਾਂ ਨੂੰ ਕਾਬੂ ਕਰ ਲਿਆ ਅਤੇ ਉੱਥੋਂ ਦੇ ਅਮੋਰੀਆਂ ਨੂੰ ਕੱਢ ਦਿੱਤਾ" (21:32)। ਇਸ ਸਮੇਂ, ਇਸਰਾਏਲੀ ਯਰਦਨ ਦੇ ਪੂਰਬ ਵੱਲ ਦੇਸ ਦੀ ਉਨ੍ਹਾਂ ਦੀ ਜਿੱਤ ਨੂੰ ਸ਼ੁਰੂ ਕਰ ਰਹੇ ਸਨ।

ਇਨ੍ਹਾਂ ਜਿੱਤਾਂ ਨੇ ਲੋਕਾਂ ਨੂੰ ਵੱਡਾ ਅਨੰਦ ਕਰਨ ਦੇ ਲਈ ਕਾਰਣ ਦਿੱਤਾ। ਉਨ੍ਹਾਂ ਨੇ ਹੋਰਨਾਂ ਜਿੱਤਾਂ ਦੇ ਲਈ ਇਕ ਝਲਕ ਦਿੱਤੀ ਜਿਹੜੀਆਂ ਇਸਰਾਏਲੀ ਹਾਸਲ ਕਰਨਗੇ ਜਦੋਂ ਪਰਜਾ ਕਨਾਨ ਤੇ ਕਬਜ਼ਾ ਕਰਨ ਦੇ ਲਈ ਯਰਦਨ ਦੇ ਪਾਰ ਜਾਵੇਗੀ। ਪਰਮੇਸ਼ੁਰ, ਉਨ੍ਹਾਂ ਨੂੰ ਇਹ ਜਿੱਤ ਦੇਣ ਦੁਆਰਾ, ਇਸਰਾਏਲ ਨੂੰ ਉਹ ਵਾਅਦੇ ਦੀ ਧਰਤੀ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨਾ ਸ਼ੁਰੂ ਕਰਨ ਜਾ ਰਿਹਾ ਸੀ ਜਿਸ ਦੀ ਉਨ੍ਹਾਂ ਨੇ ਲੰਮੇ ਸਮੇਂ ਤੋਂ ਉਡੀਕ ਕੀਤੀ ਸੀ।

ਪੰਜਵੀਂ, ਇਹ ਅਧਿਆਇ ਬਾਸ਼ਾਨ ਦੇ ਰਾਜਾ ਓਗ ਉੱਤੇ ਇਸਰਾਏਲ ਦੀ ਜਿੱਤ ਦਾ ਵਰਣਨ ਕਰਦਾ ਹੈ (21:33-35)। ਜਿਵੇਂ ਕਿ ਇਸ ਅਧਿਆਇ ਵਿਚ ਦੋ ਹੋਰ ਸੰਬੰਧਤ ਫੌਜੀ ਜਿੱਤਾਂ ਦੇ ਮਾਮਲੇ ਵਿਚ ਹੈ, ਇਸ ਲੜਾਈ ਵਿਚ ਓਗ ਦਾ ਰਾਜਾ ਹਮਲਾਵਰ ਸੀ (21:1, 23, 33)। ਮੂਸਾ ਦੀ ਨੀਤੀ (ਜਿਹੜੀ ਕਿ ਪਰਮੇਸ਼ੁਰ ਦੀ ਨੀਤੀ ਸੀ) ਸਪੱਸ਼ਟ ਤੌਰ ਤੇ ਤਦ ਤੱਕ ਸ਼ਾਂਤੀਪੂਰਵਕ ਦੇਸ ਦੇ ਵਿੱਚੋਂ ਦੀ ਲੰਘਣ ਦੀ ਸੀ ਜਦੋਂ ਤੱਕ ਇਸਰਾਏਲੀ ਉਸ ਦੇਸ ਵਿਚ ਨਹੀਂ ਸੀ ਪਹੁੰਚ ਜਾਂਦੇ ਜਿਸ ਤੇ ਉਨ੍ਹਾਂ ਨੇ ਕਬਜ਼ਾ ਕਰਨਾ ਸੀ। ਪਰ, ਰਾਜੇ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕੀਤਾ ਸੀ ਉਨ੍ਹਾਂ ਨੇ ਇਸਰਾਏਲ ਤੇ ਹਮਲਾ ਕਰਨ ਦੁਆਰਾ ਸ਼ਾਂਤੀਪੂਰਣ ਸੰਬੰਧਾਂ ਨੂੰ ਅਸੰਭਵ ਬਣਾ ਦਿੱਤਾ ਸੀ। ਹਰ ਮਾਮਲੇ ਵਿਚ ਨਤੀਜਾ ਇਹ ਸੀ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਉਨ੍ਹਾਂ ਉੱਤੇ ਜਿੱਤ ਦਿੱਤੀ ਸੀ ਜਿਨ੍ਹਾਂ ਨੇ ਉਸ ਦੀ ਪਰਜਾ ਦਾ ਵਿਰੋਧ ਕੀਤਾ ਸੀ। ਅੱਜ ਅਸੀਂ ਇਹ ਕਹਿ ਸਕਦੇ ਹਾਂ ਕਿ "ਉਨ੍ਹਾਂ ਦੇ ਦੁਸ਼ਮਣਾਂ ਨੇ ਲੜਾਈ ਸ਼ੁਰੂ ਕੀਤੀ ਸੀ, ਪਰ ਇਸਰਾਏਲ ਨੇ ਇਸ ਨੂੰ ਖਤਮ ਕੀਤਾ ਸੀ!"

ਸੀਹੋਨ ਅਤੇ ਓਗ ਉੱਤੇ ਇਸਰਾਏਲ ਦੀਆਂ ਜਿੱਤਾਂ ਦਾ ਇਕ ਨਤੀਜਾ ਇਹ ਸੀ ਕਿ ਇਸਰਾਏਲ ਨੇ ਯਰਦਨ ਦੇ ਪੂਰਬ ਵੱਲ ਜੋ ਧਰਤੀ ਸੀ ਉਸ ਨੂੰ ਆਪਣੇ ਕਾਬੂ ਵਿਚ ਕਰ ਲਿਆ ਸੀ; ਉਹ ਧਰਤੀ ਇਸਰਾਏਲੀ ਇਲਾਕੇ ਦਾ ਹਿੱਸਾ ਬਣੀ।

ਇਕ ਹੋਰ ਨਤੀਜਾ ਇਹ ਸੀ ਕਿ ਇਸਰਾਏਲ ਦੀ ਫੌਜ ਪ੍ਰਸਿੱਧ ਹੋ ਗਈ ਹੋਵੇਗੀ ਅਤੇ ਇਸ ਨੇ ਉਨ੍ਹਾਂ ਦੇ ਦਿਲਾਂ ਵਿਚ ਡਰ ਪੈਦਾ ਕਰ ਦਿੱਤਾ ਸੀ ਜਿਨ੍ਹਾਂ ਨੇ ਕੌਮ ਦੀਆਂ ਜਿੱਤਾਂ ਬਾਰੇ ਸੁਣਿਆ ਸੀ। ਉਦਾਹਰਣ ਦੇ ਲਈ, ਮੋਆਬ ਦਾ ਰਾਜਾ ਬਾਲਾਕ ਜਾਣਦਾ ਸੀ ਕਿ ਇਸਰਾਏਲ ਨੇ ਅਮੋਰੀਆਂ ਨਾਲ ਕੀ ਕੀਤਾ ਸੀ ਅਤੇ ਇਸ ਲਈ ਉਹ ਇਸਰਾਏਲ ਤੋਂ ਡਰਦਾ ਸੀ (22:2, 3)। ਬਾਅਦ ਵਿਚ ਜਦੋਂ ਇਸਰਾਏਲ ਕਨਾਨ ਵਿਚ ਦਾਖਲ ਹੋਣ ਦੇ ਲਈ ਯਰਦਨ ਨਦੀ ਨੂੰ ਪਾਰ ਕਰਨ ਦੇ ਲਈ ਤਿਆਰੀ ਕਰ ਰਿਹਾ ਸੀ, ਦੋ ਖੋਜ ਕੱਢਣ ਵਾਲਿਆਂ ਨੂੰ ਰਾਹਾਬ ਕੋਲੋਂ ਪਤਾ ਲੱਗਾ ਕਿ ਯਰੀਹੋ ਦੇ ਲੋਕਾਂ ਨੇ ਸੀਹੋਨ ਅਤੇ ਓਗ ਉੱਤੇ ਇਸਰਾਏਲ ਦੀਆਂ ਜਿੱਤਾਂ ਬਾਰੇ ਸੁਣਿਆ ਸੀ। ਰਾਹਾਬ ਨੇ ਖੋਜ ਕੱਢਣ ਵਾਲਿਆਂ ਨੂੰ ਦੱਸਿਆ ਕਿ ਉਨ੍ਹਾਂ ਦੇ "ਮਨ ਪਾਣੀਓਂ ਪਾਣੀ ਹੋ ਗਏ" ਅਤੇ ਉਨ੍ਹਾਂ ਵਿਚ "ਹਿੰਮਤ ਨਹੀਂ ਰਹੀ" ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ "ਯਹੋਵਾਹ … ਪਰਮੇਸ਼ੁਰ ਉੱਪਰਲੇ ਸੁਰਗ ਵਿੱਚ ਅਤੇ ਹੇਠਲੀ ਧਰਤੀ ਉੱਤੇ ਹੈ" (ਯਹੋਸ਼ੁਆ 2:9-11)।

ਰਾਹਾਬ ਸਹੀ ਸੀ। ਇਸਰਾਏਲ ਨੇ ਕੁਝ ਜਿੱਤਾਂ ਹਾਸਲ ਕੀਤੀਆਂ ਸਨ ਅਤੇ ਲੋਕਾਂ ਦੇ ਮਨਾਂ

ਵਿਚ ਉਨ੍ਹਾਂ ਦੇ ਲਈ ਡਰ ਹੋਣਾ ਜ਼ਰੂਰੀ ਸੀ - ਉਨ੍ਹਾਂ ਦੀ ਵੱਡੀ ਫੌਜ ਦੀ ਸਮਰੱਥਾ ਦੇ ਕਾਰਣ ਨਹੀਂ, ਪਰ ਉਨ੍ਹਾਂ ਦੇ ਪਰਮੇਸ਼ੁਰ, ਇਕਮਾਤਰ ਸੱਚੇ ਪਰਮੇਸ਼ੁਰ ਦੇ ਕਾਰਣ। ਸੱਚਮੁੱਚ, "ਉੱਪਰਲੇ ਸੁਰਗ ਵਿੱਚ ਅਤੇ ਹੇਠਲੀ ਧਰਤੀ ਉੱਤੇ ਉਹੋ ਪਰਮੇਸ਼ੁਰ ਹੈ," ਉਹ ਪਰਮੇਸ਼ੁਰ ਜਿਹੜਾ ਇਸਰਾਏਲ ਨੂੰ ਵੱਡੀਆਂ ਜਿੱਤਾਂ ਦੇਣ ਵਿਚ ਬਹੁਤ ਸ਼ਕਤੀਸ਼ਾਲੀ ਸੀ!

*ਸਾਡੀਆਂ ਜਿੱਤਾਂ।* ਇਕ ਭਾਵ ਵਿਚ, ਅਸੀਂ ਉਸ ਕਿਸਮ ਦੀ ਜਿੱਤ ਵਿਚ ਕਿਵੇਂ ਸਾਂਝੀ ਹੋ ਸਕਦੇ ਹਾਂ ਜਿਸ ਦਾ ਜ਼ਿਕਰ ਗਿਣਤੀ 21 ਅਧਿਆਇ ਵਿਚ ਕੀਤਾ ਗਿਆ ਹੈ? ਮਸੀਹੀ ਹੋਣ ਦੇ ਨਾਤੇ, ਅਸੀਂ ਨਿਰੰਤਰ ਇਕ ਲੜਾਈ ਲੜ ਰਹੇ ਹਾਂ (ਅਫ਼ਸੀਆਂ 6:12)। ਅਸੀਂ ਪਾਪ ਅਤੇ ਸ਼ਤਾਨ ਅਤੇ ਹਨੇਰੇ ਦੀਆਂ ਤਾਕਤਾਂ ਦੇ ਵਿਰੁੱਧ ਲੜਦੇ ਹਾਂ। ਅਸੀਂ ਨਿਰੰਤਰ ਪਰਤਾਵੇ ਦਾ ਸਾਹਮਣਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਕਈ ਵਾਰ ਅਸੀਂ ਡਰ ਸਕਦੇ ਹਾਂ ਕਿ ਅਸੀਂ ਉਹ ਬਣਨ ਦੀ ਲੜਾਈ ਨੂੰ ਹਾਰ ਰਹੇ ਹਾਂ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਬਣੀਏ। ਇਕ ਮੰਡਲੀ (ਕਲੀਸੀਆ) ਦੇ ਤੌਰ ਤੇ, ਅਸੀਂ ਨਿਰਾਸ਼ ਹੋ ਸਕਦੇ ਹਾਂ ਕਿਉਂਕਿ ਅਸੀਂ ਸੋਚਦੇ ਹਾਂ ਕਿ ਅਸੀਂ ਥੋੜ੍ਹਾ ਬਹੁਤ ਜਾਂ ਕੁਝ ਵੀ ਪੂਰਾ ਨਹੀਂ ਕਰ ਰਹੇ ਹਾਂ। ਕੀ ਜਿੱਤਣਾ ਸੰਭਵ ਹੈ? ਸਾਡੇ ਲਈ ਇਸ ਦਾ ਉੱਤਰ, ਜਿਵੇਂ ਕਿ ਇਸਰਾਏਲ ਦੇ ਲਈ ਸੀ, "ਹਾਂ" ਹੈ! ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਵੀ - ਪਰਮੇਸ਼ੁਰ ਦੀ ਸਹਾਇਤਾ ਨਾਲ - ਜਿੱਤ ਸਕਦੇ ਹਾਂ!

ਨਵਾਂ ਨੇਮ ਐਲਾਨ ਕਰਦਾ ਹੈ ਕਿ ਚੇਲੇ ਜਿਹੜੇ ਜਿੱਤ ਹਾਸਲ ਕਰਦੇ ਹਨ ਵੱਡੀਆਂ ਬਰਕਤਾਂ ਪ੍ਰਾਪਤ ਕਰਨਗੇ (ਪਰਕਾਸ਼ ਦੀ ਪੋਥੀ 21:2, 3), ਇਸ ਲਈ ਅਸੀਂ ਜਾਣਦੇ ਹਾਂ ਕਿ ਅਸੀਂ ਵਫ਼ਾਦਾਰ ਮਸੀਹੀ ਜੀਵਨ ਜੀ ਸਕਦੇ ਹਾਂ। ਪੌਲੁਸ ਨੇ ਲਿਖਿਆ ਕਿ "ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ" (ਰੋਮੀਆਂ 8:37)। 1 ਕੁਰਿੰਥੀਆਂ 15:57 ਵਿਚ ਅਸੀਂ ਪੜ੍ਹਦੇ ਹਾਂ, "ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ" (ਵੇਖੋ 1 ਯੂਹੰਨਾ 5:4, 5)।

ਇਸਰਾਏਲ ਦੇ ਵਾਂਗ, ਅਸੀਂ ਪਰਮੇਸ਼ੁਰ ਦੀ ਪਰਜਾ ਦੇ ਵੈਰੀਆਂ ਉੱਤੇ ਜਿੱਤਾਂ ਹਾਸਲ ਕਰ ਸਕਦੇ ਹਾਂ। ਜਦ ਕਿ ਕਈ ਵਾਰ ਬੁਰਿਆਈ ਦੀ ਜਿੱਤ ਹੁੰਦੀ ਜਾਪਦੀ ਹੈ, ਅੰਤ ਵਿਚ ਪਰਮੇਸ਼ੁਰ ਅਤੇ ਜਿਹੜੇ ਉਸ ਦੀ ਵੱਲ ਹਨ ਜੇਤੂ ਹੁੰਦੇ ਹਨ! ਇਸਰਾਏਲ ਦੇ ਵਾਂਗ, ਅਸੀਂ ਉਨ੍ਹਾਂ ਖ਼ਤਰਿਆਂ ਦਾ ਸਾਹਮਣਾ ਕਰ ਸਕਦੇ ਹਾਂ ਜਿਨ੍ਹਾਂ ਨਾਲ ਉਜਾੜ ਵਾਲੇ ਸਫ਼ਰ ਵਿਚ ਸਾਡਾ ਟਾਕਰਾ ਹੁੰਦਾ ਹੈ। ਮਸੀਹੀ ਹੋਣ ਦੇ ਨਾਤੇ, ਅਸੀਂ ਵੀ ਸਾਡੇ ਵਾਅਦੇ ਦੇ ਦੇਸ ਵੱਲ ਨੂੰ ਸਫ਼ਰ ਕਰ ਰਹੇ ਹਾਂ। ਹਰ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਖ਼ਤਰੇ ਸਾਡੇ ਕੋਲੋਂ ਦੇਰੀ ਕਰਵਾਉਣ ਦੀ ਧਮਕੀ ਦਿੰਦੇ ਹਨ; ਪਰ ਜੇਕਰ ਅਸੀਂ ਪਰਮੇਸ਼ੁਰ ਨਾਲ ਆਪਣੇ ਸਫ਼ਰ ਵਿਚ ਚੱਲਦੇ ਜਾਵਾਂਗੇ, ਅਸੀਂ ਉਸ ਸੁਰਗੀ ਮੰਜਿਲ ਤੱਕ ਪਹੁੰਚ ਸਕਦੇ ਹਾਂ (2 ਤਿਮੋਥਿਉਸ 4:7, 8)। ਉਨ੍ਹਾਂ ਦੇ ਵਾਂਗ ਜਿਹੜੇ ਸੱਪ ਦੁਆਰਾ ਡੱਸੇ ਗਏ ਸਨ, ਅਸੀਂ ਮੌਤ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ। ਮੌਤ ਉਹ ਸਜ਼ਾ ਹੈ ਜਿਸ ਦੇ ਅਸੀਂ ਸਾਡੇ ਪਾਪਾਂ ਦੇ ਕਾਰਣ ਹੱਕਦਾਰ ਹਾਂ (ਰੋਮੀਆਂ 3:23; 6:23); ਫਿਰ ਵੀ ਅਸੀਂ ਮਸੀਹ ਦੇ ਰਾਹੀਂ ਜਿਹੜਾ ਸਾਡੇ ਪਾਪ ਚੁੱਕ ਲੈ ਜਾਂਦਾ ਹੈ ਪਾਪ ਅਤੇ ਮੌਤ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ (ਯੂਹੰਨਾ 3:14, 15; ਅਫ਼ਸੀਆਂ 1:7)।

*ਸਿੱਟਾ।* ਕਈ ਵਾਰ ਅਸੀਂ ਸੋਚਦੇ ਹਾਂ, "ਉਸ ਜੇਤੂ ਜੀਵਨ ਦਾ ਅਨੁਭਵ ਕਰਨ ਦੇ ਲਈ ਜੋ ਮੈਂ ਪਰਮੇਸ਼ੁਰ ਦੇ ਪੁੱਤਰ ਜਾਂ ਪੁੱਤਰੀ ਦੇ ਰੂਪ ਵਿਚ ਜੀਉਣ ਵਿਚ ਸਮਰੱਥ ਹੋਣਾ ਹੈ ਮੈਨੂੰ ਹੋਰ ਕਿੰਨਾ ਸਮਾਂ ਲੱਗੇਗਾ?" ਕੋਈ ਵੀ ਵਿਅਕਤੀ ਇਸ ਸਵਾਲ ਦਾ ਜਵਾਬ ਨਿਸ਼ਚਤ ਤੌਰ ਤੇ ਨਹੀਂ ਦੇ ਸਕਦਾ। ਜੀਵਨ, ਮਸੀਹੀ ਲੋਕਾਂ ਦੇ ਲਈ ਵੀ, ਮੁਸ਼ਕਲ ਅਤੇ ਦੁੱਖ ਭਰਿਆ ਹੋ ਸਕਦਾ ਹੈ। ਮਸੀਹੀ ਲੋਕ ਹਮੇਸ਼ਾ ਪਰਤਾਏ ਜਾਣਗੇ ਅਤੇ ਕਦੇ ਵੀ ਸਮੱਸਿਆਵਾਂ ਦੇ ਲਈ ਸੁਰੱਖਿਅਤ ਨਹੀਂ ਬਣ ਸਕਦੇ। ਪਰ,

ਅਸੀਂ ਇਹ ਜ਼ਰੂਰ ਜਾਣਦੇ ਹਾਂ ਕਿ ਜੋ ਲੋਕ ਮਸੀਹੀ ਜੀਵਨ ਜੀਉਣ ਦੀ ਕੋਸ਼ਿਸ਼ ਕਰਦੇ ਹਨ ਕੁਝ ਸਮੱਸਿਆਵਾਂ ਤੋਂ ਬਚ ਜਾਂਦੇ ਹਨ ਜਿਨ੍ਹਾਂ ਦਾ ਦੂਜੇ ਲੋਕ ਅਨੁਭਵ ਕਰਦੇ ਹਨ। ਮਸੀਹੀ ਪ੍ਰਾਥਮਿਕਤਾਵਾਂ ਅਤੇ ਕਦਰਾਂ ਕੀਮਤਾਂ ਸਾਨੂੰ ਦੂਜਿਆਂ ਨਾਲੋਂ ਜ਼ਿਆਦਾ ਗੰਭੀਰਤਾ ਨਾਲ ਦੁੱਖਾਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀਆਂ ਹਨ। ਸਭ ਤੋਂ ਵੱਡੀ ਗੱਲ, ਅਸੀਂ ਜਾਣਦੇ ਹਾਂ ਕਿ ਅਸੀਂ ਆਖ਼ਰਕਾਰ ਜੇਤੂ ਹੋਵਾਂਗੇ! ਸੁਰਗ ਵਿਚ ਅਸੀਂ ਸਦੀਪਕ ਜਿੱਤ ਦਾ ਅਨੰਦ ਮਾਣਾਂਗੇ!

### ਪਾਪ ਦੇ ਲਈ ਪਰਮੇਸ਼ੁਰ ਦਾ ਹੱਲ (21:4-9)

ਜਦੋਂ ਇਕ ਦੇਸ ਰਾਜਨੀਤਿਕ ਜਾਂ ਆਰਥਿਕ ਸੰਕਟ ਦੇ ਵਿੱਚੋਂ ਗੁਜਰਦਾ ਹੈ - ਜਦੋਂ ਅੱਤਵਾਦੀ ਹਮਲਾ ਕਰਦੇ ਹਨ, ਦੇਸ ਜੰਗ ਲੜਦਾ ਹੈ, ਜਾਂ ਦੇਸ ਵਿਚ ਕਾਲ ਪੈ ਜਾਂਦਾ ਹੈ ਜਾਂ ਕਿਤੇ ਹੜ ਆ ਜਾਂਦਾ ਹੈ - ਲੋਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਇੰਨੇ ਜ਼ਿਆਦਾ ਚਿੰਤਤ ਵੀ ਨਾ ਹੋ ਜਾਣ ਕਿ ਕਿਤੇ ਉਹ ਸਭ ਤੋਂ ਵੱਡੀ ਸਮੱਸਿਆ ਨੂੰ ਹੀ ਭੁੱਲ ਜਾਣ ਜਿਸ ਦਾ ਮਨੁੱਖਜਾਤੀ ਸਾਹਮਣਾ ਕਰ ਰਹੀ ਹੈ: ਉਹ ਸਭ ਤੋਂ ਵੱਡੀ ਸਮੱਸਿਆ *ਪਾਪ* ਹੈ! ਸਭਨਾਂ ਨੇ ਪਾਪ ਕੀਤਾ ਹੈ ਅਤੇ ਪਾਪ ਪਸ਼ਚਾਤਾਪ ਨਾ ਕੀਤੇ ਹੋਏ ਜਾਂ ਮਾਫ਼ ਨਾ ਕੀਤੇ ਗਏ ਪਾਪੀਆਂ ਨੂੰ ਉਸ ਨਰਕ ਵਿਚ ਘੱਲੇਗਾ ਜੋ ਧਰਤੀ ਦੀਆਂ ਸਾਰੀਆਂ ਤ੍ਰਾਸਦੀਆਂ ਤੋਂ ਵੱਡੀ ਤ੍ਰਾਸਦੀ ਹੈ!

ਪਾਪ ਅਤੇ ਇਸ ਦੇ ਹੱਲ ਨੂੰ ਪੂਰੀ ਤਰ੍ਹਾਂ ਸਮਝਣ ਦੇ ਲਈ, ਅਸੀਂ ਗਿਣਤੀ 21:4-9 ਵਿਚ ਜੋ ਘਟਨਾ ਹੈ ਉਸ ਦਾ ਮੁਆਇਨਾ ਕਰ ਸਕਦੇ ਹਾਂ। ਇਸ ਲਿਖਤ ਵਿਚ, ਇਸਰਾਏਲੀਆਂ ਨੇ ਸੋਚਿਆ ਕਿ ਚੰਗੇ ਭੋਜਨ ਅਤੇ ਪਾਣੀ ਦੀ ਘਾਟ ਉਨ੍ਹਾਂ ਦੀ ਸਭ ਤੋਂ ਵੱਡੀ ਸਮੱਸਿਆ ਸੀ - ਪਰ ਇਹ ਸਭ ਤੋਂ ਵੱਡੀ ਸਮੱਸਿਆ ਨਹੀਂ ਸੀ। ਉਨ੍ਹਾਂ ਦੀ ਅਸਲੀ ਸਮੱਸਿਆ ਪਾਪ ਸੀ!

*ਪਾਪ ਅਤੇ ਸਜ਼ਾ।* ਆਓ ਕੁਝ ਅਹਿਮ ਸਵਾਲਾਂ ਨੂੰ ਪੁੱਛਣ ਦੁਆਰਾ ਇਸ ਬੰਦ ਦਾ ਵਿਸ਼ਲੇਸ਼ਣ ਕਰੀਏ।

1. ਇਸਰਾਏਲੀਆਂ ਦਾ ਪਾਪ ਕੀ ਸੀ? "ਪਰਜਾ ਯਹੋਵਾਹ ਦੇ ਵਿਰੁੱਧ ਅਤੇ ਮੂਸਾ ਦੇ ਵਿਰੁੱਧ ਬੋਲੀ ਭਈ ਤੁਸੀਂ ਕਿਉਂ ਸਾਨੂੰ ਮਿਸਰ ਤੋਂ ਉਤਾਹਾਂ ਲੈ ਆਏ ਤਾਂ ਜੋ ਅਸੀਂ ਉਜਾੜ ਵਿੱਚ ਮਰੀਏ? ਏੱਥੇ ਨਾ ਰੋਟੀ ਹੈ, ਨਾ ਪਾਣੀ ਹੈ। ਸਾਡੀਆਂ ਜਾਨਾਂ ਏਸ ਨਿਕੰਮੀ ਰੋਟੀ ਤੋਂ ਅੱਕ ਗਈਆਂ ਹਨ" (21:5)। ਪਰਜਾ ਬੁੜ ਬੁੜਾਈ। ਬੁੜ ਬੁੜਾਉਣਾ ਇੰਨਾ ਬੁਰਾ ਕਿਉਂ ਸੀ?

ਅਧਿਆਇ 21 ਦੀਆਂ ਘਟਨਾਵਾਂ ਵਿਚ ਜ਼ਿਆਦਾਤਰ ਇਸਰਾਏਲੀਆਂ ਦੀ ਇਕ ਨਵੀਂ ਪੀੜ੍ਹੀ ਸ਼ਾਮਲ ਸੀ। ਇਹ ਘਟਨਾ ਉਜਾੜ ਵਿਚ ਇਸਰਾਏਲੀਆਂ ਦੇ ਚਾਲ੍ਹੀ ਸਾਲ ਦੇ ਅੰਤ ਦੇ ਨੇੜੇ ਵਾਪਰੀ ਸੀ। ਪਰਮੇਸ਼ੁਰ ਦੀ ਪਰਜਾ ਫੇਰ ਤੋਂ ਅੱਗੇ ਵੱਧ ਰਹੀ ਸੀ ਅਤੇ ਸੱਚਮੁੱਚ ਵਾਅਦੇ ਦੇ ਦੇਸ ਵੱਲ ਜਾ ਰਹੀ ਸੀ। ਪਰਮੇਸ਼ੁਰ ਦੀ ਸਹਾਇਤਾਂ ਨਾਲ, ਉਨ੍ਹਾਂ ਨੇ ਪਹਿਲਾਂ ਤੋਂ ਹੀ ਉਨ੍ਹਾਂ ਲੋਕਾਂ ਉੱਤੇ ਇਕ ਜਿੱਤ ਪ੍ਰਾਪਤ ਕਰ ਲਈ ਸੀ ਜਿਹੜੇ ਯਰਦਨ ਦੇ ਚੜ੍ਹਦੇ ਪਾਸੇ ਰਹਿੰਦੇ ਸਨ (21:1-3)। ਛੇਤੀ ਹੀ ਉਹ ਦੋ ਹੋਰ ਰਾਜਿਆਂ ਨੂੰ ਹਰਾ ਦੇਣਗੇ।

ਪਰ, ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਉਹ ਆਪਣੇ ਮਾਪਿਆਂ ਨਾਲੋਂ ਬਹੁਤ ਜ਼ਿਆਦਾ ਵੱਖਰੇ ਨਹੀਂ ਸਨ। ਜਿਵੇਂ ਉਨ੍ਹਾਂ ਦੇ ਮਾਤਾ-ਪਿਤਾ ਕੁੜ੍ਹਕੁੜਾਏ ਅਤੇ ਬੁੜ ਬੁੜਾਏ ਸਨ (11:1-6; 14:1, 2), ਉਹ ਵੀ ਕੁੜ੍ਹਕੁੜਾਏ ਸਨ।

ਕੀ ਬੁੜ ਬੁੜਾਉਣਾ ਇੰਨਾ ਬੁਰਾ ਹੈ? ਕੀ ਕਦੀ-ਕਦੀ ਹਰ ਕੋਈ ਕੁੜ੍ਹਕੁੜਾਉਂਦਾ ਜਾਂ ਬੁੜ ਬੁੜਾਉਂਦਾ ਨਹੀਂ ਹੈ? ਪਰਜਾ ਪਰਮੇਸ਼ੁਰ ਦੇ ਉਦੇਸ਼ਾਂ ਅਤੇ ਉਨ੍ਹਾਂ ਦੇ ਪ੍ਰਤੀ ਪਰਮੇਸ਼ੁਰ ਦੀ ਭਲੀ ਇੱਛਾ ਤੇ ਸਵਾਲ ਕਰਦੀ ਵੀ ਪ੍ਰਤੀਤ ਹੁੰਦੀ ਸੀ। ਨਵੇਂ ਨੇਮ ਵਿਚ ਵੀ ਸਾਨੂੰ ਦੱਸਿਆ ਗਿਆ ਹੈ: "ਤੁਸੀਂ ਸੱਭੇ ਕੰਮ ਬੁੜ ਬੁੜ ਅਤੇ ਝਗੜੇ ਕਰਨ ਤੋਂ ਬਿਨਾ ਕਰੋ" (ਫ਼ਿਲਿੱਪੀਆਂ 2:14)।

2. ਇਹੋ ਜਿਹੇ ਪਾਪ ਦੇ ਲਈ ਕਿਹੜੀ ਸਜ਼ਾ ਸੀ? "ਯਹੋਵਾਹ ਨੇ ਪਰਜਾ ਵਿੱਚ ਅਗਨੀ ਸੱਪ ਘੱਲੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਡਸਿਆ ਤਾਂ ਇਸਰਾਏਲੀਆਂ ਵਿੱਚੋਂ ਬਹੁਤ ਲੋਕ ਮਰ ਗਏ" (21:6)। "ਅਗਨੀ ਸੱਪ" ਜਿਵੇਂ ਕਿ NIV ਬਾਈਬਲ ਅਨੁਵਾਦ ਕਰਦੀ ਹੈ, "ਜ਼ਹਿਰੀਲੇ ਸੱਪਾਂ" ਦਾ ਹਵਾਲਾ ਦਿੰਦੇ ਹਨ। ਉਨ੍ਹਾਂ ਦੇ ਡੰਗ ਵਿਚ "ਅੱਗ" ਜਾਂ "ਜਲਨ" ਸੀ।[11] ਇਨ੍ਹਾਂ ਜ਼ਹਿਰੀਲੇ ਸੱਪਾਂ ਦੇ ਡੱਸਣ ਦੇ ਨਤੀਜੇ ਵਜੋਂ ਬਹੁਤ ਸਾਰੇ ਲੋਕ ਮਰ ਗਏ ਸਨ। ਮੌਤ ਪਾਪ ਦਾ ਇਕ ਆਮ ਨਤੀਜਾ ਸੀ। ਜਦੋਂ ਇਸਰਾਏਲੀਆਂ ਨੇ ਪਾਪ ਕੀਤਾ, ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ, ਆਮ ਤੌਰ ਤੇ ਇਕ ਜਾਂ ਕਿਸੇ ਹੋਰ ਸ੍ਰੋਤ ਤੋਂ ਉਨ੍ਹਾਂ ਉੱਤੇ ਮੌਤ ਨੂੰ ਘੱਲਣ ਦੁਆਰਾ। ਇਸ ਘਟਨਾ ਵਿਚ ਇਸ ਤੱਥ ਦਾ ਕਿ "ਪਾਪ ਦੀ ਮਜ਼ੂਰੀ ਮੌਤ ਹੈ" (ਰੋਮੀਆਂ 6:23) ਇਕ ਚੰਗਾ ਉਦਾਹਰਣ ਦਿੱਤਾ ਗਿਆ ਹੈ।

3. ਪਰਜਾ ਨੇ ਇਸ ਸਜ਼ਾ ਦੇ ਪ੍ਰਤੀ ਕੀ ਪ੍ਰਤੀਕਿਰਿਆ ਕੀਤੀ ਸੀ? 21:7 ਵਿਚ, ਉਨ੍ਹਾਂ ਨੇ ਆਖਿਆ, "ਅਸਾਂ ਪਾਪ ਕੀਤਾ ਜੋ ਅਸੀਂ ਤੇਰੇ ਵਿਰੁੱਧ ਅਤੇ ਯਹੋਵਾਹ ਦੇ ਵਿਰੁੱਧ ਬੋਲੇ। ਹੁਣ ਯਹੋਵਾਹ ਅੱਗੇ ਬੇਨਤੀ ਕਰ ਕਿ ਉਹ ਸਾਥੋਂ ਏਹ ਸੱਪ ਮੋੜ ਲਵੇ।" ਪਰਜਾ ਨੇ ਉਨ੍ਹਾਂ ਦੇ ਪਾਪ ਦੇ ਨਤੀਜਿਆਂ ਦੇ ਪ੍ਰਤੀ ਦੁੱਖ, ਪਸ਼ਚਾਤਾਪ, ਇਕਰਾਰ ਅਤੇ ਪ੍ਰਾਰਥਨਾ ਨਾਲ ਜਵਾਬ ਦਿੱਤਾ ਸੀ। ਉਜਾੜ ਵਿਚ ਉਨ੍ਹਾਂ ਦੇ ਜ਼ਿਆਦਾਤਰ ਸਮੇਂ ਦੌਰਾਨ, ਇਸਰਾਏਲੀ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਵਿਚ ਅਸਫ਼ਲ ਰਹੇ ਸਨ। ਪਰ, ਜੇਮਸ ਬਰਟਨ ਕੌਫਮੈਨ ਨੇ ਟਿੱਪਣੀ ਕੀਤੀ ਹੈ ਕਿ ਉਨ੍ਹਾਂ ਦੀ ਤਾੜਨਾ ਦੇ ਪ੍ਰਤੀ ਉਨ੍ਹਾਂ ਦਾ ਜਵਾਬ ਇਸ ਮਾਮਲੇ ਵਿਚ "ਬਿਲਕੁਲ ਸਹੀ ਰਾਹ" ਤੇ ਸੀ।[12]

4. ਉਨ੍ਹਾਂ ਦੀ ਹਾਲਤ ਦੇ ਲਈ ਪਰਮੇਸ਼ੁਰ ਦਾ ਕੀ ਹੱਲ ਸੀ? ਪਰਮੇਸ਼ੁਰ ਆਪਣੀ ਪਾਪੀ ਪਰਜਾ ਦੇ ਪ੍ਰਤੀ ਦਿਆਲੂ ਅਤੇ ਕਿਰਪਾਲੂ ਸੀ। ਉਸ ਨੇ ਉਨ੍ਹਾਂ ਨੂੰ ਉਹ ਨਹੀਂ ਦਿੱਤਾ ਜਿਸ ਦੇ ਉਹ ਹੱਕਦਾਰ ਸਨ - ਅਰਥਾਤ ਮੌਤ। ਉਸ ਨੇ ਉਨ੍ਹਾਂ ਨੂੰ ਉਸ ਨਾਲੋਂ ਕੁਝ ਬਿਹਤਰ ਦਿੱਤਾ ਜਿਸ ਦੇ ਉਹ ਹੱਕਦਾਰ ਸਨ: ਜੀਵਨ, ਜਾਂ ਜੀਵਨ ਨੂੰ ਪਾਉਣ ਦੇ ਲਈ ਅਤੇ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਤੋਂ ਬਚਣ ਦੇ ਲਈ ਇਕ ਰਾਹ।

ਇਸ ਮੌਕੇ ਤੇ ਉਨ੍ਹਾਂ ਦੇ ਪਾਪ ਦੇ ਲਈ ਪਰਮੇਸ਼ੁਰ ਦਾ ਹੱਲ ਇਕ ਪਿੱਤਲ ਦਾ ਸੱਪ ਸੀ (21:8, 9)। ਪਿੱਤਲ ਦੇ ਸੱਪ ਨੂੰ ਡੰਡੇ ਉੱਤੇ ਰੱਖਣ ਤੋਂ ਬਾਅਦ, "ਜਦ ਸੱਪ ਕਿਸੇ ਮਨੁੱਖ ਨੂੰ ਡਸਦਾ ਸੀ ਤਾਂ ਉਹ ਪਿੱਤਲ ਦੇ ਸੱਪ ਵੱਲ ਨਿਗਾਹ ਕਰ ਕੇ ਜੀਉਂਦਾ ਰਹਿੰਦਾ ਸੀ" (21:9)। ਇਸ ਅਨੋਖੇ ਇਲਾਜ ਦਾ ਵੱਡਾ ਮਹੱਤਵ ਸੀ।

ਪਰਮੇਸ਼ੁਰ ਦਾ ਇਲਾਜ ਹੈਰਾਨ ਕਰ ਦੇਣ ਵਾਲਾ ਅਤੇ ਅਨੋਖਾ ਹੈ। ਪਰਮੇਸ਼ੁਰ ਨੇ ਪਹਿਲਾਂ ਪਾਪ ਦੇ ਲਈ ਅਜਿਹਾ ਹੱਲ ਕਦੇ ਨਹੀਂ ਸੀ ਦਿੱਤਾ। ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਉਸ ਨੇ ਅਜਿਹੀ ਚੀਜ਼ ਫੇਰ ਕਦੇ ਨਹੀਂ ਸੀ ਕੀਤੀ। ਉਸ ਨੇ ਇਸ ਵਾਰ ਇਹ ਕਰਨਾ ਕਿਉਂ ਚੁਣਿਆ ਸੀ? ਅਸੀਂ ਨਹੀਂ ਜਾਣਦੇ। ਅਸੀਂ ਸਿਰਫ ਇੰਨਾ ਕਹਿ ਸਕਦੇ ਹਾਂ ਕਿ ਹੱਲ ਦੇ ਲਈ "ਮੈਂ ਖੁਦ ਇਹ ਕਰ ਸਕਦਾ ਹਾਂ" ਰਵੱਈਏ ਦੀ ਬਜਾਇ ਪਰਮੇਸ਼ੁਰ ਵਿਚ ਨਿਹਚਾ ਅਤੇ ਭਰੋਸੇ ਦੀ ਜਰੂਰਤ ਸੀ।

ਪਰਮੇਸ਼ੁਰ ਦਾ ਹੱਲ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦੇ ਨਾਲ ਸੰਬੰਧਤ ਸੀ। ਉਹ ਉਨ੍ਹਾਂ ਦੇ ਪਾਪ ਦੇ ਕਾਰਣ ਸੱਪਾਂ ਦੁਆਰਾ ਡੱਸੇ ਗਏ ਸਨ ਅਤੇ ਮਰਨ ਵਾਲੇ ਸਨ; ਪਰ ਜੇਕਰ ਉਹ ਪਿੱਤਲ ਦੇ ਸੱਪ ਵੱਲ ਵੇਖਦੇ, ਉਨ੍ਹਾਂ ਨੇ ਜੀਉਂਦੇ ਰਹਿਣਾ ਸੀ। ਜੇਕਰ ਉਹ ਪਰਮੇਸ਼ੁਰ ਤੇ ਭਰੋਸਾ ਕਰਦੇ ਅਤੇ ਉਨ੍ਹਾਂ ਦੀ ਸਜ਼ਾ ਦੇ ਪ੍ਰਤੀਕ ਵੱਲ ਨਿਗਾਹ ਕਰਦੇ, ਉਨ੍ਹਾਂ ਦੇ ਪਾਪ ਦਾ ਨਤੀਜਾ ਰੱਦ ਕੀਤਾ ਜਾਣਾ ਸੀ।

ਸੱਪ ਵੱਲ ਨਿਗਾਹ ਕਰਨਾ ਇਕਮਾਤਰ ਤਰੀਕਾ ਸੀ ਜਿਸ ਨਾਲ ਉਹ ਚੰਗੇ ਹੋ ਸਕਦੇ ਸਨ! ਪਰਮੇਸ਼ੁਰ ਨੇ ਲੋਕਾਂ ਨੂੰ ਉਨ੍ਹਾਂ ਦੇ ਸੱਪ ਦੇ ਡੰਗਾਂ ਤੋਂ ਬਚਣ ਦੇ ਲਈ ਤਿੰਨ ਜਾਂ ਚਾਰ ਤਰੀਕਿਆਂ ਦਾ ਵਿਕਲਪ ਨਹੀਂ ਸੀ ਦਿੱਤਾ। ਚੰਗੇ ਹੋਣ ਦੇ ਲਈ ਸਿਰਫ ਇੱਕੋ ਤਰੀਕਾ ਸੀ: ਪਿੱਤਲ ਦੇ ਸੱਪ ਵੱਲ ਨਿਗਾਹ ਕਰਨ ਦੁਆਰਾ।

ਲੋਕਾਂ ਨੇ ਬਸ ਪਿੱਤਲ ਦੇ ਸੱਪ ਵੱਲ ਨਿਗਾਹ ਕਰਨੀ ਸੀ। ਕੋਈ ਮਨੁੱਖ ਜਿਹੜਾ ਡਸਿਆ ਗਿਆ ਸੀ ਆਪਣੇ ਤੰਬੂ ਵਿਚ ਬੈਠ ਕੇ ਚੰਗਾ ਹੋਣ ਦੀ ਉਮੀਦ ਨਹੀਂ ਸੀ ਕਰ ਸਕਦਾ ਅਤੇ ਇਹ ਨਹੀਂ ਸੀ ਕਹਿ ਸਕਦਾ ਕਿ "ਮੈਨੂੰ ਵਿਸ਼ਵਾਸ ਹੈ ਕਿ ਮੈਂ ਚੰਗਾ ਹੋ ਜਾਵਾਂਗਾ ਜੇਕਰ ਮੈਂ ਉਸ ਪਿੱਤਲ ਦੇ ਸੱਪ ਵੱਲ ਨਿਗਾਹ ਕਰਾਂਗਾ।" ਉਸ ਨੂੰ ਸੱਪ ਵੱਲ ਨਿਗਾਹ ਕਰਨ ਦੇ ਲਈ ਆਪਣੇ ਤੰਬੂ ਵਿੱਚੋਂ ਬਾਹਰ ਜਾਣਾ ਪੈਂਦਾ ਸੀ! ਇਸ ਤੋਂ ਪਹਿਲਾਂ ਕਿ ਉਹ ਚੰਗਾ ਹੋ ਸਕਦਾ ਉਸ ਨੂੰ ਉਹ ਕਰਨਾ ਪੈਂਦਾ ਸੀ ਜਿਸ ਦਾ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ।

*ਨਤੀਜੇ ਅਤੇ ਇਕ ਇਲਾਜ।* ਇਸ ਘਟਨਾ ਦੀ ਮਹੱਤਤਾ ਮਹੱਤਵਪੂਰਣ ਹੈ, ਕਿਉਂਕਿ ਅਸੀਂ ਇਸ ਵਿਚ ਆਪਣੇ ਆਪ ਨੂੰ ਅਤੇ ਸਾਡੇ ਨਾਲ ਪਰਮੇਸ਼ੁਰ ਦੇ ਵਿਹਾਰ ਨੂੰ ਵੇਖਦੇ ਹਾਂ। ਇਹ ਇਲਾਜ ਪਾਪੀ ਇਸਰਾਏਲੀਆਂ ਦੇ ਲਈ ਮਨੁੱਖਜਾਤੀ ਦੀ ਵਿਆਪਕ ਹਾਲਤ ਦਾ ਇਕ ਸਪੱਸ਼ਟ ਪੂਰਵ-ਪਰਛਾਵਾਂ ਹੈ।

1. ਜਿਵੇਂ ਲੋਕਾਂ ਨੇ ਉਸ ਸਮੇਂ ਪਾਪ ਕੀਤਾ ਸੀ, ਅਸੀਂ ਵੀ ਪਾਪ ਕਰਦੇ ਹਾਂ; ਅਸੀਂ ਸਾਰੇ ਪਾਪੀ ਹਾਂ (ਰੋਮੀਆਂ 3:23; 1 ਯੂਹੰਨਾ 1:8, 10)। ਸਾਡਾ ਪਾਪ ਆਪਣੇ ਆਪ ਵਿਚ ਅਣਗਿਣਤ ਤਰੀਕਿਆਂ ਨਾਲ ਪਰਗਟ ਹੁੰਦਾ ਹੈ; ਪਰ ਇਸ ਦੇ ਕੇਂਦਰ ਵਿਚ ਪਰਮੇਸ਼ੁਰ ਤੇ ਭਰੋਸਾ ਕਰਨ ਦੀ ਹਮੇਸ਼ਾ ਇਕ ਅਸਫ਼ਲਤਾ ਹੈ। ਜੇਕਰ ਅਸੀਂ ਸੱਚਮੁੱਚ ਪਰਮੇਸ਼ੁਰ ਤੇ ਭਰੋਸਾ ਕਰਦੇ ਹਾਂ - ਜੇਕਰ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਧਾਰਮਿਕਤਾ ਦਾ ਜੀਵਨ ਜੋ ਉਹ ਸਾਨੂੰ ਜੀਉਣ ਦੇ ਲਈ ਕਹਿੰਦਾ ਹੈ ਸਾਡੇ ਲਾਭ ਦੇ ਲਈ ਹੈ - ਤਾਂ ਅਸੀਂ ਉਸ ਦੇ ਵਿਰੁੱਧ ਵਿਦਰੋਹ ਨਹੀਂ ਕਰਾਂਗੇ।

2. ਜਿਵੇਂ ਕਿ ਉਨ੍ਹਾਂ ਦਿਨਾਂ ਵਿਚ ਸੀ, ਅੱਜ ਵੀ ਪਾਪ ਦੇ ਕਈ ਨਤੀਜੇ ਹਨ। ਪਾਪ ਦੇ ਨਤੀਜੇ ਕੀ ਹਨ? ਮੌਤ! "ਪਾਪ ਦੀ ਮਜੂਰੀ ਮੌਤ ਹੈ" (ਰੋਮੀਆਂ 6:23)। ਕਈ ਵਾਰ ਪਾਪ ਦਾ ਨਤੀਜਾ ਸਰੀਰਕ ਮੌਤ ਹੁੰਦਾ ਹੈ। ਪਾਪ ਹਮੇਸ਼ਾ ਆਤਮਿਕ ਮੌਤ - ਪਰਮੇਸ਼ੁਰ ਅਰਥਾਤ ਜੀਵਨ ਦੇ ਸ੍ਰੋਤ ਤੋਂ ਪਾਪੀ ਦੀ ਜੁਦਾਈ - ਪੈਦਾ ਕਰਦਾ ਹੈ। ਆਖ਼ਰਕਾਰ, ਪਾਪ ਜਿਸ ਦਾ ਪਸ਼ਚਾਤਾਪ ਨਹੀਂ ਕੀਤਾ ਗਿਆ ਅਤੇ ਮਾਫ਼ ਨਹੀਂ ਕੀਤਾ ਗਿਆ ਹੈ ਸਦੀਪਕ ਮੌਤ ਦੀ ਵੱਲ ਲੈ ਕੇ ਜਾਂਦਾ ਹੈ! ਹਰ ਮਾਮਲੇ ਵਿਚ, ਮੌਤ ਜੋ ਪਾਪ ਦੇ ਨਤੀਜੇ ਵਜੋਂ ਆਉਂਦੀ ਹੈ ਇਕ ਅਜਿਹਾ ਨਤੀਜਾ ਹੈ ਜਿਸ ਦੀ ਇਹ ਹੱਕਦਾਰ ਹੈ।

3. ਅੱਜ, ਜਿਵੇਂ ਉਜਾੜ ਵਿਚ ਹੈ, ਪਰਮੇਸ਼ੁਰ ਕੋਲ ਪਾਪ ਦੇ ਲਈ ਇਕ ਹੱਲ ਹੈ। ਉਹ ਹੱਲ ਯਿਸੂ ਮਸੀਹ ਹੈ!

> ਜਿਸ ਤਰਾਂ ਮੂਸਾ ਨੇ ਉਜਾੜ ਵਿਚ ਸੱਪ ਨੂੰ ਉੱਚਾ ਕੀਤਾ ਇਸੇ ਤਰਾਂ ਜਰੂਰ ਹੈ ਜੋ ਮਨੁੱਖ ਦਾ ਪੁੱਤ੍ਰ ਵੀ ਉੱਚਾ ਕੀਤਾ ਜਾਵੇ ਭਈ ਜੋ ਕੋਈ ਨਿਹਚਾ ਕਰੇ ਸੋ ਉਸ ਵਿਚ ਸਦੀਪਕ ਜੀਉਣ ਪ੍ਰਾਪਤ ਕਰੇ। ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਪਰਮੇਸ਼ੁਰ ਨੇ ਪੁੱਤ੍ਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ (ਯੂਹੰਨਾ 3:14-17)।

ਯੂਹੰਨਾ ਨੇ ਗਿਣਤੀ ਵਿਚ ਕਹਾਣੀ ਅਤੇ ਸਾਡੀ ਹਾਲਤ ਵਿਚਕਾਰ ਇਕ ਸਿੱਧੀ ਤੁਲਨਾ ਕੀਤੀ ਸੀ। ਸੱਪ ਦਾ ਉੱਚਾ ਕੀਤਾ ਜਾਣਾ ਸਲੀਬ ਉੱਤੇ ਮਸੀਹ ਦੇ ਉੱਚਾ ਕੀਤਾ ਜਾਣ ਦੇ ਵਾਂਗ ਸੀ। ਅਕਸਰ, ਜਦੋਂ ਅਸੀਂ ਪੁਰਾਣੇ ਅਤੇ ਨਵੇਂ ਨੇਮ ਦੇ ਪਾਤਰਾਂ ਅਤੇ ਘਟਨਾਵਾਂ ਦੀ "ਰੂਪਾਂ" ਅਤੇ "ਪ੍ਰਤੀਰੂਪਾਂ" ਵਜੋਂ ਤੁਲਨਾ ਕਰਦੇ ਹਾਂ, ਅਸੀਂ ਇਹ ਮੰਨਣ ਦੇ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕ (ਲੇਖਕਾਂ) ਦੇ ਮਨ ਵਿਚ ਅਜਿਹੀ ਤੁਲਨਾ ਸ਼ਾਇਦ ਹੋਵੇਗੀ ਜਾਂ ਨਹੀਂ ਹੋਵੇਗੀ। ਪਰ, ਇਸ ਹਾਲਤ ਵਿਚ, ਅਸੀਂ ਜਾਣਦੇ ਹਾਂ ਕਿ ਪਿੱਤਲ ਦੇ ਸੱਪ ਦਾ "ਉੱਚਾ ਕੀਤਾ ਜਾਣਾ" ਮਸੀਹ

ਦਾ ਪ੍ਰਤੀਕ ਸੀ ਕਿਉਂਕਿ ਬਾਈਬਲ ਇਸ ਤਰ੍ਹਾਂ ਆਖਦੀ ਹੈ।

ਮਸੀਹ ਸਾਡੇ ਪਾਪ ਦੇ ਲਈ ਪਰਮੇਸ਼ੁਰ ਦਾ ਹੱਲ ਹੈ। ਆਓ ਅਸੀਂ ਇਸਰਾਏਲ ਦੇ ਸੱਪ ਦੇ ਡਸਿਆਂ ਦੇ ਲਈ ਇਲਾਜ ਅਤੇ ਸਾਡੇ ਪਾਪਾਂ ਦੇ ਲਈ ਇਲਾਜ ਵਿਚਕਾਰ ਸਮਾਨਤਾਵਾਂ ਨੂੰ ਜਾਂਚੀਏ।

ਪਹਿਲੀ, ਪਰਮੇਸ਼ੁਰ ਦਾ ਹੱਲ ਹੈਰਾਨ ਕਰਨ ਵਾਲਾ ਹੈ। ਪਹਿਲੀ ਸਦੀ ਵਿਚ ਲੋਕ ਨੇ ਇਹ ਉਮੀਦ ਨਹੀਂ ਸੀ ਕੀਤੀ ਕਿ ਮਸੀਹਾ ਦੀ ਮੌਤ ਉਹ ਵਸੀਲਾ ਬਣੇਗੀ ਜਿਸ ਦੇ ਦੁਆਰਾ ਮਨੁੱਖਜਾਤੀ ਦੇ ਪਾਪ ਮਾਫ਼ ਕੀਤੇ ਜਾਣਗੇ। ਕੋਈ ਵੀ ਮਨੁੱਖ ਅਜਿਹੀ ਯੋਜਨਾ ਨਹੀਂ ਸੀ ਬਣਾ ਸਕਦਾ; ਮਸੀਹ ਦੀ ਮੌਤ ਦੇ ਰਾਹੀਂ ਮੁਕਤੀ ਦੀ ਧਾਰਣਾ ਨੂੰ ਸੰਸਾਰ ਦੁਆਰਾ “ਮੂਰਖਤਾਈ” ਸਮਝਿਆ ਗਿਆ ਹੈ (1 ਕੁਰਿੰਥੀਆਂ 1:18)।

ਦੂਜੀ, ਪਰਮੇਸ਼ੁਰ ਦਾ ਹੱਲ ਪਾਪ ਅਤੇ ਇਸ ਦੀ ਸਜ਼ਾ ਨਾਲ ਸੰਬੰਧਤ ਹੈ। ਇਹ ਇਤਫਾਕਨ ਨਾਲੋਂ ਵੱਧ ਕੇ ਹੈ ਕਿ ਯਿਸੂ ਦੀ ਤੁਲਨਾ ਪਿੱਤਲ ਦੇ ਸੱਪ ਨਾਲ ਕੀਤੀ ਗਈ ਸੀ। ਯਿਸੂ ਦਾ “ਉੱਚਾ ਕੀਤਾ ਜਾਣਾ” ਸਲੀਬ ਉੱਤੇ ਹੋਇਆ ਸੀ। ਸਲੀਬ ਉੱਤੇ ਉਹ “... ਪਾਪ ਠਹਿਰਾਇਆ ਗਿਆ” (2 ਕੁਰਿੰਥੀਆਂ 5:21)। ਗਿਣਤੀ ਦੀ ਘਟਨਾ ਵਿਚ, ਸੱਪ ਪਾਪ ਅਤੇ ਇਸ ਦੀ ਸਜ਼ਾ ਨੂੰ ਦਰਸਾਉਂਦਾ ਸੀ। ਸਲੀਬ ਉੱਤੇ, ਯਿਸੂ ਨੇ ਪਾਪ ਅਤੇ ਇਸ ਦੀ ਸਜ਼ਾ ਨੂੰ ਆਪਣੇ ਉੱਤੇ ਲੈ ਲਿਆ ਸੀ। ਮਸੀਹ, ਸਲੀਬ ਉੱਤੇ ਉੱਚਾ ਕੀਤਾ ਗਿਆ, ਪਾਪ ਬਣਿਆ (ਉਹੀ ਚੀਜ਼ ਜੋ ਸਾਨੂੰ ਮੌਤ ਦਾ ਹੱਕਦਾਰ ਬਣਾਉਂਦੀ ਹੈ) ਅਤੇ ਉਸ ਨੇ ਮੌਤ ਨੂੰ ਝੱਲਿਆ (ਸਜ਼ਾ ਜਿਸ ਦੇ ਅਸੀਂ ਸਾਡੇ ਪਾਪ ਦੇ ਲਈ ਹੱਕਦਾਰ ਹਾਂ) ਤਾਂ ਜੋ ਅਸੀਂ “ਉਸ ਵੱਲ ਨਿਗਾਹ ਕਰੀਏ” ਅਤੇ ਜੀਉਂਦੇ ਰਹਿ ਸਕੀਏ।

ਤੀਜੀ, ਸਿਰਫ ਪਰਮੇਸ਼ੁਰ ਦਾ ਹੱਲ ਹੀ ਸਾਡੇ ਪਾਪ ਦੇ ਲਈ ਪ੍ਰਭਾਵਸ਼ਾਲੀ ਹੱਲ ਹੈ। ਜਿਵੇਂ ਉਸ ਮੌਕੇ ਤੇ ਇਸਰਾਏਲ ਦੀ ਇਕਮਾਤਰ ਆਸ ਪਿੱਤਲ ਦਾ ਸੱਪ ਸੀ, ਉਸੇ ਤਰ੍ਹਾਂ ਅੱਜ ਮਸੀਹ ਸਾਡੇ ਪਾਪਾਂ ਤੋਂ ਬਚਣ ਦੇ ਲਈ ਸਾਡੇ ਲਈ ਇਕਮਾਤਰ ਰਾਹ ਹੈ। ਭਾਵੇਂ ਅਸੀਂ ਕਿੰਨੀ ਵੀ ਯੋਜਨਾ ਕਿਉਂ ਨਾ ਬਣਾਈਏ - ਅਤੇ ਭਾਵੇਂ ਅਸੀਂ ਕਿੰਨੇ ਵੀ ਚੰਗੇ ਕੰਮ ਕਿਉਂ ਨਾ ਕਰੀਏ - ਉਹ ਸੰਭਵ ਤੌਰ ਤੇ ਸਾਨੂੰ ਬਚਾ ਨਹੀਂ ਸਕਦੀ।

ਚੌਥੀ, ਉਸ ਦਾ ਹੱਲ ਸਾਡੇ ਵੱਲੋਂ ਕੁਝ ਕਰਨ ਦੀ ਮੰਗ ਕਰਦਾ ਹੈ। ਜਿਵੇਂ ਇਸਰਾਏਲੀਆਂ ਨੇ “ਨਿਗਾਹ ਕਰਨੀ ਸੀ,” ਉਸੇ ਤਰ੍ਹਾਂ ਅਸੀਂ ਵੀ “ਨਿਗਾਹ ਕਰਨੀ” ਹੈ। ਸਾਡੇ ਲਈ “ਨਿਗਾਹ ਕਰਨਾ” ਦਾ ਅਰਥ ਆਪਣੇ ਮਨ ਵਿਚ ਸਲੀਬ ਦੀ ਤਸਵੀਰ ਬਣਾਉਣਾ ਨਹੀਂ ਹੈ ਜਾਂ ਸਿਰਫ ਇਹ ਵਿਸ਼ਵਾਸ ਕਰਨਾ ਨਹੀਂ ਹੈ ਕਿ ਸਲੀਬ ਉੱਤੇ ਯਿਸੂ ਦੀ ਮੌਤ ਮੈਨੂੰ ਬਚਾ ਸਕਦੀ ਹੈ, ਜਾਂ ਇਹ ਕਹਿਣਾ ਨਹੀਂ ਹੈ, “ਯਿਸੂ, ਮੇਰੇ ਦਿਲ ਵਿਚ ਆ ਅਤੇ ਮੈਨੂੰ ਬਚਾ।” ਮਸੀਹ ਵੱਲ “ਨਿਗਾਹ ਕਰਨ” ਦਾ ਅਰਥ ਹੈ ਪਰਮੇਸ਼ੁਰ ਉੱਤੇ ਭਰੋਸਾ ਕਰਨਾ, ਅਸੀਂ ਉਸ ਦੇ ਵੱਲ ਨਿਹਚਾ ਅਤੇ ਆਗਿਆਕਾਰੀ ਨਾਲ ਮੁੜਦੇ ਹਾਂ, ਜਿਵੇਂ ਕਿ ਉਨ੍ਹਾਂ ਕੀਤਾ ਸੀ ਜਿਹੜੇ ਪਹਿਲੀ ਸਦੀ ਵਿਚ ਮਸੀਹੀ ਬਣੇ ਸਨ। ਪੈਂਟੀਕਾਸਟ ਦੇ ਦਿਨ, ਪਤਰਸ ਨੇ ਇਹ ਪਰਚਾਰ ਕੀਤਾ ਕਿ ਪਾਪ ਦੇ ਲਈ ਇਕਮਾਤਰ ਹੱਲ ਯਿਸੂ ਹੈ। ਨਤੀਜੇ ਵਜੋਂ, ਲੋਕਾਂ ਦੇ ਦਿਲ “ਛਿਦ ਗਏ” ਅਤੇ ਉਨ੍ਹਾਂ ਨੇ ਪੁੱਛਿਆ ਕਿ ਅਸੀਂ ਬਚਣ ਦੇ ਲਈ ਕੀ ਕਰੀਏ (ਰਸੂਲਾਂ ਦੇ ਕਰਤੱਬ 2:37)। ਪਤਰਸ ਨੇ ਉਨ੍ਹਾਂ ਨੂੰ “ਪਾਪਾਂ ਦੀ ਮਾਫ਼ੀ ਦੇ ਲਈ” ਤੋਬਾ ਕਰਨ ਅਤੇ ਬਪਤਿਸਮਾ ਲੈਣ ਦੇ ਲਈ ਆਖਿਆ (ਰਸੂਲਾਂ ਦੇ ਕਰਤੱਬ 2:38)। ਅਸਲ ਵਿਚ, ਉਹ ਉਨ੍ਹਾਂ ਨੂੰ ਕਹਿ ਰਿਹਾ ਸੀ ਕਿ ਮੌਤ ਦੀ ਸਜ਼ਾ ਤੋਂ ਮੁਕਤੀ ਦੇ ਲਈ ਉਨ੍ਹਾਂ ਨੂੰ ਯਿਸੂ ਦੀ ਵੱਲ “ਨਿਗਾਹ ਕਰਨੀ” ਪੈਣੀ ਸੀ।

ਜਦੋਂ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਰਸੂਲ ਨੇ ਆਪਣੇ ਸਰੋਤਿਆਂ ਨੂੰ ਦੱਸਿਆ ਕਿ ਉਨ੍ਹਾਂ ਨੇ ਕੀ ਕਰਨਾ ਹੈ, ਉਨ੍ਹਾਂ ਨੇ ਉਹੀ ਕੀਤਾ ਜੋ ਰਸੂਲ ਨੇ ਕਰਨ ਦੇ ਲਈ ਆਖਿਆ ਸੀ। ਜਿਵੇਂ ਇਸਰਾਏਲੀਆਂ ਦੇ ਲਈ ਉਨ੍ਹਾਂ ਦੇ ਸੱਪਾਂ ਦੇ ਡੰਗਾਂ ਤੋਂ ਬਚਣ ਦੇ ਲਈ ਪਿੱਤਲ ਦੇ ਸੱਪ ਵੱਲ ਨਿਗਾਹ

ਮਾਰਨ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਸੀ, ਉਸੇ ਤਰ੍ਹਾਂ ਉਨ੍ਹਾਂ ਲੋਕਾਂ ਦੇ ਲਈ ਜਿਹੜੇ ਪੈਂਟੀਕਾਸਟ ਦੇ ਦਿਨ ਇਕੱਠੇ ਹੋਏ ਸਨ ਉਨ੍ਹਾਂ ਦੇ ਲਈ ਤੋਬਾ ਕਰਨ ਅਤੇ ਬਪਤਿਸਮਾ ਲੈ ਕੇ ਮਸੀਹ ਦੁਆਰਾ ਬਚਾਏ ਜਾਣ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਸੀ! ਪੈਂਟੀਕਾਸਟ ਦੇ ਦਿਨ ਕੋਈ ਇਹ ਨਹੀਂ ਕਹਿ ਕੇ ਕਿ "ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮੈਨੂੰ ਬਚਾਵੇਗਾ" ਬਚਣ ਦੀ ਉਮੀਦ ਨਹੀਂ ਸੀ ਕਰ ਸਕਦਾ। ਉਨ੍ਹਾਂ ਨੂੰ ਬਾਹਰ ਨਿੱਕਲਣਾ ਪੈਣਾ ਸੀ ਅਤੇ ਉਹੀ ਕਰਨਾ ਪੈਣਾ ਸੀ ਜੋ ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਬਚਣ ਦੇ ਲਈ ਕਰਨ।

ਉਸੇ ਤਰ੍ਹਾਂ, ਅੱਜ ਕੋਈ ਵੀ ਵਿਅਕਤੀ ਪਾਪ ਦੇ ਲਈ ਹੱਲ ਅਰਥਾਤ ਮਸੀਹ ਦੁਆਰਾ ਬਚਾਏ ਜਾਣ ਦੀ ਉਮੀਦ ਨਹੀਂ ਕਰ ਸਕਦਾ, ਜੇਕਰ ਉਹ ਉਸ ਉੱਤੇ ਵਿਸ਼ਵਾਸ ਕਰਨ, ਆਪਣੇ ਪਾਪਾਂ ਤੋਂ ਤੋਬਾ ਕਰਨ ਅਤੇ ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਮਾ ਲੈਣ ਦੁਆਰਾ ਯਿਸੂ ਵੱਲ "ਨਿਗਾਹ" ਨਹੀਂ ਕਰਦਾ। ਕੋਈ ਕਹਿ ਸਕਦਾ ਹੈ, "ਮੈਨੂੰ ਇਹ ਸਮਝ ਨਹੀਂ ਆਉਂਦਾ ਕਿ ਬਪਤਿਸਮਾ ਲੈਣ ਦੀ ਕੀ ਲੋੜ ਹੈ। ਪਾਣੀ ਦਾ ਮਾਫ਼ੀ ਦੇ ਨਾਲ ਕੀ ਲੈਣਾ ਦੇਣਾ ਹੈ?" ਪਰ, ਸਾਨੂੰ ਇਹ ਸਮਝਣ ਦੀ ਲੋੜ ਨਹੀਂ ਹੈ ਕਿ ਬਚਣ ਦੇ ਲਈ ਪਰਮੇਸ਼ੁਰ ਨੇ ਬਪਤਿਸਮੇ ਨੂੰ ਕਿਉਂ ਚੁਣਿਆ ਸੀ; ਸਾਨੂੰ ਸਿਰਫ ਉਸ ਦੀ ਆਗਿਆ ਦਾ ਪਾਲਣ ਕਰਨ ਦੀ ਲੋੜ ਹੈ!

*ਸਿੱਟਾ।* 1 ਕੁਰਿੰਥੀਆਂ 10:9, 10 ਵਿਚ, ਸਾਨੂੰ ਉਨ੍ਹਾਂ ਗਲਤੀਆਂ ਤੋਂ ਬਚ ਕੇ ਰਹਿਣ ਦੀ ਬੇਨਤੀ ਕੀਤੀ ਗਈ ਹੈ ਜੋ ਇਸਰਾਏਲੀਆਂ ਨੇ ਕੀਤੀਆਂ ਸਨ: "ਨਾ ਅਸੀਂ ਪ੍ਰਭੂ ਨੂੰ ਪਰਤਾਈਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ ਨਾਸ ਹੋਏ। ਅਤੇ ਨਾ ਤੁਸੀਂ ਬੁੜ ਬੁੜ ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ ਨਾਸ ਹੋਏ।" ਪਾਪ ਸਾਡੀ ਸਭ ਤੋਂ ਵੱਡੀ ਸਮੱਸਿਆ ਹੈ! ਹੋਰ ਸਮੱਸਿਆਵਾਂ - ਆਰਥਿਕ ਸਮੱਸਿਆਵਾਂ, ਪਰਿਵਾਰਕ ਸਮੱਸਿਆਵਾਂ ਅਤੇ ਨਿੱਜੀ ਸਮੱਸਿਆਵਾਂ - ਮੁਸ਼ਕਲ ਹੋ ਸਕਦੀਆਂ ਹਨ, ਪਰ ਪਾਪ ਸਾਡੀ ਸਭ ਤੋਂ ਵੱਡੀ ਸਮੱਸਿਆ ਹੈ ਕਿਉਂਕਿ ਇਹ ਆਖ਼ਰਕਾਰ ਸਦੀਪਕਾਲ ਦੇ ਲਈ ਸਾਨੂੰ ਦੋਸ਼ੀ ਠਹਿਰਾਉਣ ਦਾ ਕਾਰਣ ਬਣ ਸਕਦਾ ਹੈ!

ਤੁਸੀਂ ਪਾਪ ਦੀ ਸਮੱਸਿਆ ਨੂੰ ਕਿਵੇਂ ਹੱਲ ਕਰ ਸਕਦੇ ਹੋ? ਤੁਸੀਂ ਆਪਣੇ ਪਾਪ ਤੋਂ ਕਿਵੇਂ ਛੁਟਕਾਰਾ ਪਾਉਂਦੇ ਹੋ? ਤੁਹਾਡੀ ਇਕਲੌਤੀ ਆਸ ਯਿਸੂ ਵੱਲ ਮੁੜੋ; ਉਸ ਦੇ ਵੱਲ ਉਸ ਤਰੀਕੇ ਨਾਲ ਮੁੜੋ ਜਿਹੜਾ ਪਰਮੇਸ਼ੁਰ ਦੇ ਵਚਨ ਵਿਚ ਪਾਇਆ ਜਾਂਦਾ ਹੈ! "ਹੁਣ ਤੁਸੀਂ ਕਿਉਂ ਦੇਰ ਕਰਦੇ ਹੋ? ਉੱਠੋ ਅਤੇ ਬਪਤਿਸਮਾ ਲਓ ਅਤੇ ਆਪਣੇ ਪਾਪਾਂ ਨੂੰ ਧੋਵੋ ਅਤੇ ਉਸ ਦੇ ਨਾਮ ਨੂੰ ਪੁਕਾਰੋ" (ਰਸੂਲਾਂ ਦੇ ਕਰਤੱਬ 22:16)।

---

ਟਿੱਪਣੀਆਂ

[1]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ ਦੀ ਪੁਸਤਕ *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1972) ਦਾ ਸਫ਼ਾ 87 ਵੇਖੋ। ਇਹ ਸ਼ਬਦਕੋਸ਼ "ਅਥਾਰੀਮ ਦੇ ਰਾਹ" ਦਾ "ਕਾਫਿਲੇ ਦੇ ਰਸਤੇ" ਵਜੋਂ ਹਵਾਲਾ ਦਿੰਦਾ ਹੈ ਅਤੇ ਦਲੀਲ ਦਿੰਦਾ ਹੈ ਕਿ "ਇਸ ਥਾਂ ਨੂੰ ਖੋਜ ਕੱਢਣ ਵਾਲਿਆਂ ਵੱਲੋਂ ਇਸ ਦਾ ਨਾਂ ਬੜੀ ਮੁਸ਼ਕਲ ਨਾਲ ਮਿਲਿਆ।" [2]ਬਰਾਂਟ ਲੀ ਡੋਟੀ ਦੀ ਪੁਸਤਕ ਬਾਈਬਲ ਸਟੱਡੀ ਟੈਕਸਟਬੁਕ ਸੀਰੀਜ (ਜੋਪਲਿਨ, ਮਿਸੁਰੀ: ਕਾਲਜ ਪ੍ਰੈਸ, 1973) ਵਿਚ ਸਫ਼ਾ 225 ਤੇ *ਗਿਣਤੀ ਦੀ ਪੁਸਤਕ* ਹੈ। [3]ਰੌਏ ਗੇਨ ਦੀ ਪੁਸਤਕ ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 679 ਤੇ *ਲੇਵੀਆਂ, ਗਿਣਤੀ* ਹੈ। [4]ਪਿੱਤਲ ਤਾਂਬੇ ਅਤੇ ਟੀਨ ਦਾ ਇਕ ਮਿਸ਼ਰਣ ਹੈ, ਕਈ ਵਾਰ ਇਸ ਦੇ ਵਿਚ ਹੋਰ ਧਾਤਾਂ ਦੇ ਨਿਸ਼ਾਨ ਹੁੰਦੇ ਹਨ। [5]ਆਰ. ਡੈਨਿਸ ਕੋਲ ਦੀ ਪੁਸਤਕ *ਜ਼ੋਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ਾ 375 ਤੇ "ਗਿਣਤੀ" ਹੈ। [6]ਕੈਰਨ ਰੈਨਡੋਲਫ ਜੋਇਨਸ, "ਦ ਬਰੋਂਜ਼ ਸਰਪੈਂਟ ਇਨ ਦ

ਇਜਰਾਲਾਈਟ ਕਲਟ," *ਜਰਨਲ ਆਫ਼ ਬਿਬਲੀਕਲ ਲਿਟਰੇਚਰ* 87 (ਸਤੰਬਰ 1968): 251-52. [7]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 280. [8]ਇਸੂਬੀਉਸ *ਓਨੋਮਸਟੀਕੋਨ* 131.17; ਜੇਰੋਮ *ਓਨੋਮਸਟੀਕੋਨ* 262.29. [9]ਮੋਆਬ ਦੇ ਪੱਥਰ ਵਿਚ ਥੋੜ੍ਹਾ ਜਿਹਾ ਵੱਖਰਾ ਦ੍ਰਿਸ਼ਟੀਕੋਣ ਮਿਲਦਾ ਹੈ। ਇਹ ਉਸ ਦੇਸ ਵਿਚ ਇਸਰਾਏਲ ਦੀ ਮੌਜੂਦਗੀ ਦਾ ਵਰਣਨ ਕਰਦਾ ਹੈ ਜੋ ਅਸਲ ਵਿਚ ਮੋਆਬ ਦਾ ਦੇਸ ਸੀ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਦੇਵਤਾ ਕਮੋਸ਼ ਵੱਲੋਂ ਸਜ਼ਾ ਦੇ ਰੂਪ ਵਿਚ ਮਿਲਿਆ ਸੀ, ਜਿਹੜਾ ਆਪਣੇ ਲੋਕਾਂ ਤੋਂ ਪਰੇਸ਼ਾਨ ਸੀ। ਜਦੋਂ ਮੋਆਬ ਨੇ ਇਸਰਾਏਲੀ ਗੋਤਾਂ ਨੂੰ ਬਾਹਰ ਕੱਢ ਦਿੱਤਾ (ਗਾਦ ਦਾ ਖਾਸਕਰ ਜ਼ਿਕਰ ਕੀਤਾ ਗਿਆ ਹੈ) ਮੇਸ਼ਾ ਰਾਜਾ ਨੇ ਇਸ ਜਿੱਤ ਦੀ ਸ਼ੋਭਾ ਕਮੋਸ਼ ਨੂੰ ਦਿੱਤੀ। (ਪੈਟਰਿਕ ਡੀ. ਮਿਲਰ, ਜੂਨੀਅਰ, ਦੀ ਪੁਸਤਕ *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧਿਆ ਸੰਸਕਰਣ, ਸੰਪਾ. ਜੀਓਫਰੀ ਡਬਲਿਯੂ. ਬਰੋਮਿਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1986] ਵਿਚ ਸਫ਼ਾ 3:396 ਤੇ "ਮੋਆਬ ਦਾ ਪੱਥਰ" ਹੈ।) [10]ਅਮੋਰੀਆਂ ਕੋਲੋਂ ਜਿਹੜੀ ਧਰਤੀ ਉੱਤੇ ਕਬਜ਼ਾ ਕੀਤਾ ਗਿਆ ਸੀ ਉਸ ਦਾ ਅਸਲ ਵਸੇਬਾ (ਰਊਬੇਨ ਅਤੇ ਗਾਦ ਦੇ ਗੋਤਾਂ ਅਤੇ ਮਨੱਸ਼ਹ ਦੀ ਅੰਸ ਦੁਆਰਾ ਵਸੇਬਾ) ਸ਼ਾਇਦ ਬਾਅਦ ਵਿਚ ਹੋਇਆ ਸੀ, ਜਿਵੇਂ ਕਿ ਗਿਣਤੀ 32 ਵਿਚ ਜ਼ਿਕਰ ਕੀਤਾ ਗਿਆ ਹੈ।

[11]ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬੀਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 876 ਤੇ "ਗਿਣਤੀ" ਹੈ। [12]ਜੇਮਸ ਬਰਟਨ ਕੌਫਮੈਨ, *ਕਮੈਂਟਰੀ ਆਨ ਲੇਵੀਆਂ ਦੀ ਪੋਥੀ ਐਂਡ ਗਿਣਤੀ: ਦ ਥਰਡ ਐਂਡ ਫੋਰਥ ਬੁਕਸ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏ.ਸੀ.ਯੂ. ਪ੍ਰੈਸ, 1987), 453.